# ਅਧਿਆਇ 1

# ਸਰਿਸ਼ਟੀ

ਉਤਪਤ ਦੀ ਪੁਸਤਕ ਰਚਨਾ ਦੇ ਸ਼ਾਨਦਾਰ, ਵਿਸ਼ਾਲਦਰਸ਼ੀ ਦ੍ਰਿਸ਼ ਦੇ ਨਾਲ ਸ਼ੁਰੂ ਹੁੰਦੀ ਹੈ ਜਿਹੜਾ ਕਾਇਨਾਤ ਨੂੰ ਫੈਲਾਉਂਦਾ ਹੈ। ਜਦੋਂ ਰਚਨਹਾਰ ਪ੍ਰਭੂ ਦੀ ਅਵਾਜ਼ ਨੇ ਗੱਲ ਕੀਤੀ, ਇੱਕ ਚਮਕਦਾਰ ਚਾਨਣ ਦੀ ਲਿਸ਼ਕ ਨੇ ਭਿਆਣਕ ਹਨੇਰੇ ਵਿੱਚ ਪ੍ਰਵੇਸ਼ ਕੀਤਾ ਅਤੇ ਇਸ ਨੂੰ ਚਾਨਣ ਤੋਂ ਅੱਡ ਕਰ ਦਿੱਤਾ। ਲੇਖਕ ਨੇ, ਜਿਵੇਂ ਕਿ ਇੱਕ ਕਲਾਕਾਰ ਦੇ ਹੱਥ ਵਿੱਚ ਇੱਕ ਵੱਡਾ ਕੈਨਵਸ ਹੁੰਦਾ ਹੈ, ਪਿਛੋਕੜ ਵਿੱਚ ਕਾਇਨਾਤ ਦਾ ਵਰਣਨ ਕੀਤਾ। ਧਰਤੀ ਦੇ ਪਾਣੀਆਂ ਨੂੰ ਅਕਾਸ਼ ਦੇ ਪਾਣੀਆਂ ਤੋਂ ਵੱਖਰਿਆਂ ਕਰਦੇ ਹੋਏ ਇੱਕ ਵਿਭਾਜਨ ਹੋਇਆ। ਉਸ ਤੋਂ ਬਾਅਦ ਖੁਸ਼ਕ ਧਰਤੀ ਬਣਾਈ ਗਈ, ਜਿਸ ਦੇ ਵਿੱਚ ਬਹੁਤ ਸਾਰਾ ਸਾਗ ਪੱਤ ਸੀ। ਅਕਾਸ਼ਾਂ ਵਿੱਚ, ਰਾਤ ਨੂੰ ਦਿਨ ਤੋਂ ਵੱਖਰਿਆਂ ਕਰਨ ਅਤੇ ਰੁੱਤਾਂ ਅਤੇ ਸਾਲਾਂ ਨੂੰ ਨਿਯੰਤਰਿਤ ਕਰਨ ਦੇ ਲਈ ਸੂਰਜ, ਚੰਦ ਅਤੇ ਤਾਰਿਆਂ ਨੂੰ ਰੱਖਿਆ।

ਇਸ ਮਹਾਨ ਰਚਨਾ ਦੀ ਮੁੱਖਭੂਮੀ ਵਿੱਚ, ਰਚਨਾ ਬਾਰੇ ਲੇਖਕ ਦਾ ਦਰਸ਼ਣ ਛੋਟੇ-ਛੋਟੇ ਵੇਰਵੇ ਨੂੰ ਕਥਨ ਕਰਦਾ ਹੈ। ਉਸ ਨੇ ਹੇਠਲੇ ਪਾਣੀਆਂ ਵਿੱਚ ਹਰ ਕਿਸਮ ਦੇ ਸਮੁੰਦਰੀ ਜੀਵਨ, ਜਦ ਕਿ ਉੱਪਰਲੇ ਅਕਾਸ਼ ਵਿੱਚ ਬਹੁਤ ਸਾਰੇ ਪੰਛੀਆਂ ਦੇ ਉੱਡਣ ਬਾਰੇ ਵਰਣਨ ਕੀਤਾ। ਜਦੋਂ ਉਸ ਨੇ ਖੁਸ਼ਕ ਧਰਤੀ ਤੇ ਧਿਆਨ ਕੇਂਦਰਿਤ ਕੀਤਾ, ਲੇਖਕ/ਕਲਾਕਾਰ ਨੇ ਖੇਤ ਦੇ ਜੰਗਲੀ ਜਾਨਵਰਾਂ, ਡੰਗਰਾਂ ਅਤੇ ਇੱਜੜਾਂ ਅਤੇ ਧਰਤੀ ਉੱਤੇ ਘਿੱਸਰਨ ਵਾਲੇ ਜੀਵਾਂ ਸਮੇਤ ਖਾਲੀ ਸਥਾਨਾਂ ਨੂੰ ਵੱਖ-ਵੱਖ ਤਰ੍ਹਾਂ ਦੇ ਜਾਨਵਰਾਂ ਨਾਲ ਭਰਨ ਬਾਰੇ ਵਰਣਨ ਕੀਤਾ। ਅੰਤ ਵਿੱਚ, ਰਚਨਾ ਦੇ ਸਿਖਰ ਦੇ ਅਹਿਮ ਸਥਾਨ ਤੇ, ਉਸ ਨੇ ਪਰਮੇਸ਼ੁਰ ਦੁਆਰਾ ਮਨੁੱਖ ਨੂੰ ਆਪਣੇ ਸਰੂਪ ਤੇ ਬਣਾਉਣ ਦਾ ਵਰਣਨ ਕੀਤਾ: ਇੱਕ ਮਨੁੱਖ ਜਿਹੜਾ ਉਸ ਦੇ ਆਪਣੇ ਸਰੂਪ ਤੇ ਬਣਾਇਆ ਗਿਆ ਸੀ, ਜਿਸ ਦੇ ਨਾਲ ਰਚਨਹਾਰ ਇੱਕ ਨਿੱਜੀ ਸੰਬੰਧ ਬਣਾ ਸਕਦਾ ਸੀ। ਬਾਕੀ ਸਾਰੇ ਪ੍ਰਾਣੀਆਂ ਤੋਂ ਉਸ ਨੂੰ ਵੱਖਰਿਆਂ ਕਰਕੇ, ਪਰਮੇਸ਼ੁਰ ਨੇ ਆਦਮੀ ਨੂੰ ਆਪਣੀ ਸ਼ਾਨਦਾਰ ਰਚਨਾ ਤੇ ਰਾਜ ਕਰਨ ਅਤੇ ਇਸ ਦੀ ਦੇਖਭਾਲ ਕਰਨ ਦਾ ਵਿਸ਼ੇਸ਼ ਅਧਿਕਾਰ ਅਤੇ ਜ਼ਿੰਮੇਵਾਰੀ ਦਿੱਤੀ।

ਉਤਪਤ ਦੇ ਪਹਿਲੇ ਅਧਿਆਇ ਵਿੱਚ ਰਚਨਾ ਦਾ ਇਹ ਦਰਸ਼ਣ ਹੈਰਾਨ ਕਰਨ ਵਾਲਾ ਅਤੇ ਅਸਧਾਰਣ ਹੈ। ਇਹ ਪਾਠਕ ਦੇ ਲਈ ਕਾਇਨਾਤ ਦੇ ਪਾਤਸ਼ਾਹ ਪਰਮੇਸ਼ੁਰ ਦਾ ਉਸ ਦੀ ਰਚਨਾਤਮਕ ਪ੍ਰਤਿਭਾ, ਗਿਆਨ ਅਤੇ ਸ਼ਕਤੀ ਦੇ ਲਈ ਉਸ ਦਾ ਆਦਰ ਕਰਨ ਦਾ ਸਬੱਬ ਬਣਦਾ ਹੈ। ਪਰਮੇਸ਼ੁਰ ਨੂੰ ਸੰਸਾਰ ਨੂੰ ਹੋਂਦ ਵਿੱਚ ਲਿਆਉਣ ਦੇ ਲਈ ਸਿਰਫ ਮੂੰਹੋਂ ਬੋਲਣਾ ਪਿਆ ਸੀ। ਤਾਰੀਫ ਅਤੇ ਅਧੀਨਗੀ ਉਤਪੰਨ ਹੁੰਦੀ ਹੈ ਜਦੋਂ ਇੱਕ ਵਿਅਕਤੀ ਇਸ ਗੱਲ ਤੋਂ ਜਾਣੂ ਹੁੰਦਾ ਹੈ ਕਿ ਇੰਨੇ ਮਹਾਨ ਪਰਮੇਸ਼ੁਰ ਨੇ ਕਮਜ਼ੋਰ, ਨਿਰਬਲ ਇਨਸਾਨਾਂ ਦੇ ਵੱਸਣ ਦੇ ਲਈ ਇੱਕ ਸੁੰਦਰ ਸੰਸਾਰ ਦੀ ਰਚਨਾ ਕੀਤੀ ਸੀ ਅਤੇ ਉਹ ਅੱਜ ਵੀ ਮਨੁੱਖ ਦੇ ਪਾਪ ਅਤੇ ਕਈ ਵਾਰ ਵਿਦਰੋਹ ਕਰਨ ਦੇ ਬਾਵਜੂਦ ਵੀ ਉਸ ਨੂੰ ਅਸੀਸ ਦਿੰਦਾ ਹੈ ਅਤੇ ਉਸ ਦੇ ਲਈ ਸਭ ਕੁਝ ਮੁਹੱਈਆ ਕਰਦਾ ਹੈ। ਜ਼ਬੂਰ ਅੱਠ ਵਿੱਚ ਡਰ ਦੇ ਇਸ ਭਾਵ ਨੂੰ ਪਰਗਟ ਕੀਤਾ ਗਿਆ ਹੈ:

> ਜਦ ਮੈਂ ਤੇਰੇ ਅਕਾਸ਼ ਨੂੰ ਵੇਖਦਾ ਹਾਂ, ਜਿਹੜਾ ਤੇਰੀ ਦਸਤਕਾਰੀ ਹੈ, ਨਾਲੇ ਚੰਦ ਅਰ ਤਾਰਿਆਂ ਨੂੰ ਜਿਹੜੇ ਤੈਂ ਕਾਇਮ ਕੀਤੇ ਹਨ, ਤਾਂ ਇਨਸਾਨ ਕੀ ਹੈ, ਜੋ ਤੂੰ ਉਸ ਨੂੰ ਚੇਤੇ ਵਿੱਚ ਲਿਆਵੇਂ, ਅਤੇ ਆਦਮੀ ਜਾਇਆ ਕੀ, ਜੋ ਤੂੰ ਉਸ ਦੀ ਸੁੱਧ ਲਵੇਂ? ਕਿ ਤੈਂ ਉਸ ਨੂੰ ਪਰਮੇਸ਼ੁਰ ਨਾਲੋਂ ਥੋੜਾ ਜਿਹਾ ਘੱਟ ਕੀਤਾ ਹੈ, ਅਤੇ ਮਹਿਮਾ ਅਰ ਆਦਰ ਦਾ ਮੁਕਟ ਉਸ ਦੇ ਸਿਰ ਉੱਤੇ ਰੱਖਿਆ ਹੈ! ਤੈਂ ਆਪਣੀ ਦਸਤਕਾਰੀ ਉੱਤੇ ਉਹ ਨੂੰ ਹਕੂਮਤ ਦਿੱਤੀ, ਤੈਂ ਸੱਭੋ ਕੁਝ ਉਹ ਦੇ ਪੈਰਾਂ ਹੇਠ ਕਰ ਦਿੱਤਾ ਹੈ, ਸਾਰੇ ਇੱਜੜ ਅਰ ਵੱਗ, ਸਗੋਂ ਰੜ ਦੇ ਸਾਰੇ ਜਾਨਵਰ, ਅਕਾਸ਼ ਦੇ ਪੰਖੇਰੂ ਅਰ ਸਮੁੰਦਰ ਦੀਆਂ ਮੱਛੀਆਂ, ਅਤੇ ਸੱਭੋ ਕੁਝ ਜੋ ਸਮੁੰਦਰ ਦਿਆਂ ਰਾਹਾਂ ਵਿੱਚ ਫਿਰਦਾ ਹੈ। ਹੇ ਯਹੋਵਾਹ, ਸਾਡੇ ਪ੍ਰਭੂ, ਸਾਰੀ ਧਰਤੀ ਉੱਤੇ ਤੇਰਾ ਨਾਮ ਕੇਡਾ ਹੀ ਸ਼ਾਨਦਾਰ ਹੈ! (ਜ਼ਬੂਰ 8:3-9)।

ਜ਼ਬੂਰ ਲਿਖਣ ਵਾਲਾ ਚਾਹੁੰਦਾ ਸੀ ਕਿ ਮਨੁੱਖਜਾਤੀ ਇਸ ਕਾਇਨਾਤ ਨੂੰ ਇੱਕ ਰੱਬੀ ਰਚਨਾ ਦੇ ਰੂਪ ਵਿੱਚ ਸਮਝੇ, ਨਾ ਕਿ ਇਸ ਨੂੰ ਬੇਤਰਤੀਬ ਸੰਜੋਗ ਜਾਂ ਇਤਫਾਕੀਆ ਪ੍ਰਕਿਰਿਆਵਾਂ ਦੇ ਨਤੀਜੇ ਦੇ ਰੂਪ ਵਿੱਚ ਵੇਖੇ। ਉਤਪਤ ਵਿੱਚ ਰਚਨਾ ਦਾ ਵਿਰਤਾਂਤ ਤਰਤੀਬਵਾਰ ਹੈ ਅਤੇ ਇਸ ਵਿੱਚ ਬਾਰ-ਬਾਰ ਆਉਣ ਵਾਲਾ ਉਹ ਨਮੂਨਾ ਦਿੱਤਾ ਗਿਆ ਹੈ ਜੋ ਸਮੁੱਚੀ ਰਚਨਾ ਨੂੰ ਇੱਕ ਸੰਤੁਲਿਤ ਢਾਂਚਾ ਪ੍ਰਦਾਨ ਕਰਦਾ ਹੈ। ਜਦ ਕਿ ਲੇਖਕ ਕਵਿਤਾ ਨਹੀਂ ਸੀ ਲਿਖ ਰਿਹਾ, ਉਸ ਨੇ ਰਚਨਾ ਦੇ ਛੇ ਦਿਨਾਂ ਦਾ ਵਰਣਨ ਕਰਨ ਦੇ ਲਈ ਸਧਾਰਣ ਇਬਰਾਨੀ ਸਾਹਿਤ ਤਕਨੀਕ, ਦੁਹਰਾਉਣ ਦੀ ਵਰਤੋਂ ਕੀਤੀ:

ਹਰ ਦਿਨ ਇੱਕ ਜਾਣ-ਪਛਾਣ ਦੇ ਨਾਲ ਸ਼ੁਰੂ ਹੁੰਦਾ ਹੈ: "ਪਰਮੇਸ਼ੁਰ ਨੇ ਆਖਿਆ" (1:3, 6, 9, 14, 20, 24; ਵੇਖੋ 1:11, 26, 29)।

ਉਸ ਤੋਂ ਬਾਅਦ, ਇੱਕ ਰੱਬੀ ਹੁਕਮ ਦਿੱਤਾ ਗਿਆ ਹੈ: "ਹੋਵੇ"; "ਇਕੱਠੇ ਹੋ ਜਾਣ"; "ਉਗਾਵੇ" (1:3, 6, 9, 11, 14, 20, 24, 26)।

ਫਿਰ ਇੱਕ ਸੂਚਨਾ ਜਾਰੀ ਕੀਤੀ ਗਈ ਹੈ: "ਓਵੇਂ ਹੀ ਹੋ ਗਿਆ" (1:7, 9, 11, 15, 24, 30)।

ਰਚੀ ਗਈ ਚੀਜ਼ ਦਾ ਮੁੱਲਾਂਕਣ ਕੀਤਾ ਗਿਆ ਹੈ, ਜਿਵੇਂ ਕਿ "ਪਰਮੇਸ਼ੁਰ ਨੇ ਡਿੱਠਾ ਭਈ ਚੰਗਾ ਹੈ" (1:4, 10, 12, 18, 21, 25, 31)।

ਅੰਤ ਵਿੱਚ, "ਸੰਝ" ਅਤੇ "ਸਵੇਰ" ਸਮੇਤ ਸਮੇਂ ਦੀ ਤਰਤੀਬ ਪੇਸ਼ ਕੀਤੀ ਗਈ ਹੈ (1:5, 8, 13, 19, 23, 31)।

ਜਦੋਂ ਪਰਮੇਸ਼ੁਰ ਨੇ ਆਪਣੀ ਰਚਨਾ ਨੂੰ "ਚੰਗਾ" ਆਖਿਆ ਅਤੇ ਇਹ ਸਿੱਟਾ ਕੱਢਿਆ ਕਿ ਇਹ "ਬਹੁਤ ਹੀ ਚੰਗਾ" ਸੀ, ਉਹ ਕਿਸੇ ਅਜਿਹੀ ਚੀਜ਼ ਦੇ ਭਾਵ ਵਿੱਚ ਇਬਰਾਨੀ ਸ਼ਬਦ טוֹב (*ਟੋਬ*) ਨਹੀਂ ਸੀ ਵਰਤ ਰਿਹਾ ਜੋ ਨੈਤਿਕ ਤੌਰ ਤੇ ਉਸ ਚੀਜ਼ ਦੀ ਤੁਲਨਾ ਵਿੱਚ "ਚੰਗੀ" ਹੈ ਜੋ "ਬੁਰੀ" ਹੁੰਦੀ ਹੈ। ਇਸ ਦੇ ਉਲਟ, ਇਸ ਵਿੱਚ ਹੋਰ ਵਿਚਾਰ ਪਰਗਟ ਕੀਤਾ ਗਿਆ ਹੈ ਉਹ ਇਹ ਹੈ ਕਿ ਪਰਮੇਸ਼ੁਰ ਨੇ ਉਸ ਨੂੰ ਪੂਰੀ ਤਰ੍ਹਾਂ ਮਨਜ਼ੂਰ ਕੀਤਾ ਸੀ ਜੋ ਉਸ ਨੇ ਬਣਾਇਆ ਸੀ ਕਿਉਂਕਿ ਇਹ ਬਿਲਕੁਲ ਉਸੇ ਤਰ੍ਹਾਂ ਬਣਿਆ ਸੀ ਜਿਸ ਤਰ੍ਹਾਂ ਉਹ ਇਸ ਨੂੰ ਬਣਾਉਣਾ ਚਾਹੁੰਦਾ ਸੀ, ਬਿਨਾਂ ਕਿਸੇ ਦੋਸ਼ ਜਾਂ ਨੁਕਸ, ਜਿਸ ਵਿੱਚ ਕਿਸੇ ਵੀ ਤਰ੍ਹਾਂ ਦਾ ਸੁਧਾਰ ਕਰਨ ਦੀ ਲੋੜ ਨਹੀਂ ਸੀ। ਇਹ ਇਸ ਤਰ੍ਹਾਂ ਪ੍ਰਤੀਤ ਹੁੰਦਾ ਹੈ ਕਿ ਪਰਮੇਸ਼ੁਰ ਅਰਥਾਤ ਮੁੱਖ ਕਾਰੀਗਰ ਇੱਕ ਕਦਮ ਪਿੱਛੇ ਹੋਇਆ ਅਤੇ ਇੱਕ ਪਲ ਦੇ ਲਈ ਰੁਕ ਨੇ ਉਸ ਨੇ ਆਪਣੀ ਦਸਤਕਾਰੀ ਦੀ ਸੁੰਦਰਤਾ ਦੀ ਪ੍ਰਸ਼ੰਸਾ ਕੀਤੀ।

ਰਚਨਾ ਦੇ ਵਿਰਤਾਂਤ ਦੇ ਇੱਕ ਹੋਰ ਕਾਵਿਆਤਮਕ ਵਿਸ਼ੇਸ਼ਤਾ ਇਸ ਦਾ ਸੁਡੌਲ ਢਾਂਚਾ ਹੈ:

ਅਕਾਸ਼ ਅਤੇ ਧਰਤੀ ਦੀ ਰਚਨਾ, ਸਾਰੀਆਂ ਬੇਜਾਨ ਚੀਜ਼ਾਂ ਅਤੇ ਸਾਰੀਆਂ ਜਾਨਦਾਰ ਚੀਜ਼ਾਂ ਸਮੇਤ, ਛੇ ਦਿਨਾਂ ਵਿੱਚ ਹੋਈ ਸੀ। ਪਹਿਲੇ ਦਿਨ, ਚਾਨਣ ਨੂੰ ਅਨ੍ਹੇਰੇ ਤੋਂ ਵੱਖ ਕੀਤਾ ਗਿਆ ਅਤੇ ਚੌਥੇ ਦਿਨ, ਦਿਨ ਅਤੇ ਰਾਤ ਵਿੱਚ ਫ਼ਰਕ ਦਰਸਾਉਣ ਦੇ ਲਈ ਸੂਰਜ, ਚੰਦ ਅਤੇ ਤਾਰਿਆਂ ਨੂੰ ਅੰਬਰ ਵਿੱਚ ਰੱਖਿਆ। ਦੂਜੇ ਦਿਨ ਅੰਬਰ ਦੇ ਹੇਠਲੇ ਪਾਣੀਆਂ ਨੂੰ ਅੰਬਰ ਦੇ ਉੱਪਰਲੇ ਪਾਣੀਆਂ ਤੋਂ ਵੱਖ ਕੀਤਾ ਅਤੇ ਪੰਜਵੇਂ ਦਿਨ ਅਕਾਸ਼ ਉੱਡਣ ਵਾਲੇ ਪੰਛੀਆਂ ਅਤੇ ਸਮੁੰਦਰ ਦੇ ਹੇਠਲੇ ਪਾਣੀ ਜਲ ਜੰਤੂਆਂ ਦੇ ਨਾਲ ਭਰ ਗਏ। ਤੀਜੇ ਦਿਨ ਖੁਸ਼ਕ ਧਰਤੀ ਨੂੰ ਪਾਣੀਆਂ ("ਸਮੁੰਦਰਾਂ") ਤੋਂ ਵੱਖ ਕੀਤਾ ਗਿਆ ਹੈ ਅਤੇ ਧਰਤੀ ਉੱਤੇ ਘਾਹ, ਸਾਗ ਪੱਤ ਅਤੇ ਬਿਰਛ ਉੱਗਣ ਲੱਗ ਪਏ, ਜਦ ਕਿ ਛੇਵੇਂ ਦਿਨ ਪਰਮੇਸ਼ੁਰ ਨੇ ਸਾਰੀ ਧਰਤੀ ਨੂੰ ਹਰ ਕਿਸਮ ਦੇ ਜਾਨਵਰਾਂ ਅਤੇ ਅੰਤ ਵਿੱਚ ਆਦਮ ਜਾਤੀ ਦੇ ਨਾਲ ਭਰ ਦਿੱਤਾ। ਆਦ ਵਿੱਚ ਜੋ ਅਪੰਗੂਨਤਾ ਸੀ ਉਸ ਨੂੰ ਪੂਰਨਤਾ ਵਿੱਚ ਲਿਆਂਦਾ ਗਿਆ, ਨਿਰਾਕਾਰ ਨੂੰ ਇੱਕ ਆਕਾਰ ਦਿੱਤਾ ਗਿਆ। ਲੇਖਕ ਨੇ ਇਸ ਕਹਿਣ ਦੁਆਰਾ ਰਚਨਾ ਦੇ ਵਿਰਤਾਂਤ ਨੂੰ ਖਤਮ ਕੀਤਾ ਕਿ ਸਤਵੇਂ ਦਿਨ ਪਰਮੇਸ਼ੁਰ "ਵੇਹਲਾ ਹੋ ਗਿਆ" (2:2, 3)।

## ਰਚਨਾ ਦਾ ਸੁਡੌਲ ਢਾਂਚਾ ਰਚਨਾ ਦਾ ਸੁਡੌਲ ਢਾਂਚਾ

ਅਧੂਰੀ ਅਤੇ "ਸੁੰਞੀ" (1:2) - ਖਾਲੀ ਅਤੇ ਅਨ੍ਹੇਰੇ ਵਾਲੇ ਖੇਤਰ

| | |
|---|---|
| ਦਿਨ 1: ਅਨ੍ਹੇਰੇ ਤੋਂ ਚਾਨਣ ਨੂੰ (ਚਾਨਣ ਨੂੰ ਬਣਾਇਆ ਅਤੇ ਅਨ੍ਹੇਰੇ ਤੋਂ ਵੱਖਰਾ ਕੀਤਾ; 1:3-5) | ਦਿਨ 4: ਸੂਰਜ, ਚੰਦ ਅਤੇ ਤਾਰੇ (ਦਿਨ ਅਤੇ ਰਾਤ ਤੇ ਰਾਜ ਕਰਨ ਦੇ ਲਈ; 1:14-19) |
| ਦਿਨ 2: ਪਾਣੀ ਤੋਂ ਅੰਬਰ ਨੂੰ (ਹੇਠਲੇ ਪਾਣੀਆਂ ਨੂੰ ਉੱਪਰਲੇ ਪਾਣੀਆਂ ਤੋਂ ਵੱਖਰਾ ਕੀਤਾ; 1:6-8) | ਦਿਨ 5: ਪੰਛੀ ਅਤੇ ਮੱਛੀਆਂ (ਅਕਾਸ਼ ਅਤੇ ਪਾਣੀ ਵਿੱਚ ਰਹਿਣ ਦੇ ਲਈ; 1:20-23) |
| ਦਿਨ 3: ਸਮੁੰਦਰਾਂ ਨੂੰ ਧਰਤੀ ਤੋਂ (ਧਰਤੀ ਦੇ ਸਾਗ ਪੱਤ ਦੀ ਪੈਦਾਵਾਰ ਨਾਲ; 1:9-13) | ਦਿਨ 6: ਜਾਨਵਰ ਅਤੇ ਮਨੁੱਖ (ਧਰਤੇ ਤੇ ਰਹਿਣ ਅਤੇ ਸਾਗ ਪੱਤ ਖਾਣ ਦੇ ਲਈ; 1:24-31) |

ਦਿਨ 7: ਪੂਰੀ ਹੋਈ ਅਤੇ "ਬਹੁਤ ਹੀ ਚੰਗਾ" - ਪਰਮੇਸ਼ੁਰ ਵੇਹਲਾ ਹੋ ਗਿਆ (2:1-3)

ਰਚਨਾ ਦਾ ਵਿਰਤਾਂਤ ਕਾਇਨਾਤ ਦੀ ਚੰਗੀ ਵਿਵਸਥਾ ਅਤੇ ਰੱਬੀ ਖਾਕੇ ਨੂੰ ਵਿਖਾਉਂਦਾ ਹੈ; ਇਹ ਬ੍ਰਹਿਮੰਡੀ ਇਤਫਾਕ ਜਾਂ ਕੁਦਰਤ ਦੇ ਅਵਿਅਕਤਕ ਕਾਨੂੰਨਾਂ ਦਾ ਨਤੀਜਾ ਨਹੀਂ ਹੈ। ਬਲਕਿ ਇਹ ਪ੍ਰਭੂ ਅਤੇ ਪ੍ਰੇਮੀ ਪਰਮੇਸ਼ੁਰ ਦੀ ਇੱਛਾ ਦਾ ਨਤੀਜਾ ਹੈ ਜਿਸ ਨੇ ਨਾ ਸਿਰਫ ਇਸ ਨੂੰ ਬੋਲ ਕੇ ਹੋਂਦ ਵਿੱਚ ਲਿਆਂਦਾ, ਪਰ ਇਸ ਨੂੰ ਆਪਣੇ ਸਾਰੇ ਪ੍ਰਾਣੀਆਂ ਦੇ ਲਈ, ਵਿਸ਼ੇਸ਼ ਕਰਕੇ ਮਨੁੱਖ ਦੇ ਲਈ ਸੰਭਾਲਣ ਅਤੇ ਮੁੜ ਤੋਂ ਨਵਾਂ ਬਣਾਉਣਾ ਵੀ ਚੁਣਿਆ (ਵੇਖੋ ਜ਼ਬੂਰ 104)।

ਬਾਈਬਲ ਪਰਮੇਸ਼ੁਰ ਦੀ ਹੋਂਦ ਦੇ ਲਈ ਦਾਰਸ਼ਨਿਕ ਦਲੀਲਾਂ ਦੇ ਨਾਲ ਸ਼ੁਰੂ ਨਹੀਂ ਹੁੰਦੀ; ਬਲਕਿ, ਇਹ ਮੰਨਦੀ ਹੈ ਕਿ ਨਾ ਸਿਰਫ ਪ੍ਰਭੂ ਪਰਮੇਸ਼ੁਰ ਹੈ, ਪਰ ਇਹ ਕਿ ਉਹ ਹਰੇਕ ਚੀਜ਼ ਦਾ ਰਚਨਹਾਰ ਵੀ ਹੈ। ਵਚਨ ਵਿੱਚ ਪਰਮੇਸ਼ੁਰ ਦੁਆਰਾ ਸਾਨੂੰ ਦਿੱਤਾ ਗਿਆ ਸੰਦੇਸ਼ ਉਸ ਦੇ ਰਚਨਾਤਮਕ ਕੰਮ ਦੇ ਨਾਲ ਸ਼ੁਰੂ ਹੁੰਦਾ ਹੈ।

# "ਪਰਮੇਸ਼ੁਰ ਨੇ ਅਕਾਸ਼ ਤੇ ਧਰਤੀ ਨੂੰ ਉਤਪਤ ਕੀਤਾ . . ." (1:1, 2)

**[1]ਆਦ ਵਿੱਚ ਪਰਮੇਸ਼ੁਰ ਨੇ ਅਕਾਸ਼ ਤੇ ਧਰਤੀ ਨੂੰ ਉਤਪਤ ਕੀਤਾ। [2]ਧਰਤੀ ਬੇਡੌਲ ਤੇ ਸੁਞੀ ਸੀ ਅਤੇ ਡੂੰਘਿਆਈ ਉੱਤੇ ਅਨ੍ਹੇਰਾ ਸੀ ਅਤੇ ਪਰਮੇਸ਼ੁਰ ਦਾ ਆਤਮਾ ਪਾਣੀਆਂ ਉੱਤੇ ਸੇਉਂਦਾ ਸੀ।**

**ਆਇਤ 1.** ਰਚਨਾ ਦਾ ਵਿਰਤਾਂਤ בְּרֵאשִׁית (*ਬੇਰੇਸ਼ਿਥ*) ਸ਼ਬਦ ਨਾਲ ਸ਼ੁਰੂ ਹੁੰਦਾ ਹੈ, ਜਿਸ ਦਾ ਸੰਬੰਧ ਪਰਮੇਸ਼ੁਰ ਦੇ ਰਚਨਾਤਮਕ ਕੰਮ ਦੀ **ਸ਼ੁਰੂਆਤ** ਨਾਲ ਹੈ। ਪਰੰਪਰਾਤਗਤ ਅਨੁਵਾਦ, ਜੋ ਕਿ ਬਾਈਬਲ ਦੇ ਸਾਰੇ ਪ੍ਰਾਚੀਨ ਅਨੁਵਾਦਾਂ ਵਿੱਚ ਪਾਇਆ ਜਾਂਦਾ ਹੈ, ਆਇਤ 1 ਨੂੰ ਇੱਕ ਆਤਮ-ਨਿਰਭਰ ਵਾਕ ਦੇ ਰੂਪ ਵਿੱਚ ਪੇਸ਼ ਕਰਦਾ ਹੈ। ਇਹ ਮੈਸੋਰੀਟ (ਯਹੂਦੀ ਗ੍ਰੰਥੀਆਂ) ਨਾਲ ਸਹਿਮਤ ਹੈ, ਜਿਨ੍ਹਾਂ ਨੇ ਲਗਭਗ 800 ਈਸਵੀ ਵਿੱਚ ਇਬਰਾਨੀ ਮੂਲ ਲਿਖਤ ਵਿੱਚ ਸਵਰ ਅਤੇ ਉਚਾਰਨ ਲਿਖੇ ਸਨ। NASB ਦੇ ਵਾਂਗ, ਜ਼ਿਆਦਾਤਰ ਅੰਗ੍ਰੇਜ਼ੀ ਅਨੁਵਾਦਾਂ ਨੇ ਵੀ ਆਇਤ 1 ਦਾ ਇੱਕ ਆਤਮ-ਨਿਰਭਰ ਵਾਕ ਦੇ ਰੂਪ ਵਿੱਚ ਅਨੁਵਾਦ ਕੀਤਾ ਸੀ (KJV; ASV; RSV; JB; NIV; NKJV; REB; NCV; CEV; NLT; ESV) ਅਤੇ ਇਸ ਕਮੈਂਟਰੀ ਵਿੱਚ ਇਹੀ ਸਮਝ ਦੀ ਪਾਲਣਾ ਕੀਤੀ ਜਾਂਦੀ ਹੈ।[1] ਇਸ ਲਈ, ਇਸ ਤਰ੍ਹਾਂ ਪ੍ਰਤੀਤ ਹੁੰਦਾ ਹੈ ਕਿ ਆਇਤ 1 ਸਿਰਲੇਖ ਜਾਂ ਸਿਰਨਾਵੇਂ ਦਾ ਕੰਮ ਕਰਦੀ ਹੈ ਜੋ ਬਾਕੀ ਦੇ ਅਧਿਆਇ ਦਾ ਸਾਰ ਪੇਸ਼ ਕਰਦਾ ਹੈ (1:2-31)। ਇਹ 5:1; 6:9; 10:1; 11:10 ਵਿੱਚ ਵੰਸ਼ਾਵਲੀ ਸੰਬੰਧੀ ਕਥਨਾਂ ਦੀ ਭੂਮਿਕਾ ਦੇ ਸਮਰੂਪੀ ਹੁੰਦੀ ਹੈ। ਹਰੇਕ ਵੰਸ਼ਾਵਲੀ ਇੱਕ ਆਤਮ-ਨਿਰਭਰ ਅਨੁੱਛੇਦ ਨਾਲ ਸ਼ੁਰੂ ਹੁੰਦੀ ਹੈ ਜੋ ਉਸ ਦੀ ਇੱਕ ਜਾਣ-ਪਛਾਣ ਦੇ ਰੂਪ ਵਿੱਚ ਕੰਮ ਕਰਦਾ ਹੈ ਜੋ ਅੱਗੇ ਆਉਣ ਵਾਲਾ ਹੈ।[2]

**ਪਰਮੇਸ਼ੁਰ** ਦੇ ਲਈ (אֱלֹהִים, *ਇਲੋਹਿਮ*) ਸ਼ਬਦ ਵਰਤਿਆ ਗਿਆ ਹੈ, ਪਰ ਇਹ ਅਸਲ ਵਿੱਚ "ਯਾਹਵੇਹ" ਜਾਂ "ਏਲ ਸ਼ਦਾਈ" ਵਾਂਗ ਇੱਕ ਵਿਅਕਤੀਗਤ ਨਾਮ ਨਹੀਂ ਹੈ। ਇਸ ਅਧਿਆਇ ਵਿੱਚ, ਇਹ ਜ਼ਿਆਦਾ ਢੁਕਵਾਂ ਹੈ ਕਿਉਂਕਿ ਇੱਥੇ ਕਰਤਾ ਯਾਹਵੇਹ ਦੀ ਬਜਾਇ ਜੋ ਕਿ ਇਸਰਾਏਲ ਦੇ ਲਈ ਵਿਅਕਤੀਗਤ ਨੇਮ ਦਾ ਪਰਮੇਸ਼ੁਰ ਹੈ, ਖੁਦ ਪਰਮੇਸ਼ੁਰ (*ਇਲੋਹਿਮ*) ਹੈ ਜੋ ਕਿ ਸਾਰੀ ਕਾਇਨਾਤ ਦਾ ਰਚਨਹਾਰ ਹੈ।

ਮੂਲ ਲਿਖਤ ਅੱਗੇ ਇਹ ਕਹਿੰਦੀ ਹੈ ਕਿ **ਪਰਮੇਸ਼ੁਰ ਨੇ ਅਕਾਸ਼ ਤੇ ਧਰਤੀ ਨੂੰ ਉਤਪਤ ਕੀਤਾ**, ਜੋ ਕਿ ਇਹ ਕਹਿਣ ਦਾ ਇੱਕ ਹੋਰ ਤਰੀਕਾ ਹੈ ਕਿ ਉਸ ਨੇ ਸਾਰੇ ਕਾਇਨਾਤ ਨੂੰ ਰਚਿਆ। ਇਬਰਾਨੀ ਸ਼ਬਦ בָּרָא (*ਬਾਰਾ*) ਇੱਕ ਕਿਰਿਆ ਹੈ ਜੋ ਕਿ ਪੁਰਾਣੇ ਨੇਮ ਵਿੱਚ ਸਿਰਫ ਪਰਮੇਸ਼ੁਰ ਨੂੰ ਇਸ ਦੇ ਕਰਤਾ ਦੇ ਰੂਪ ਵਿੱਚ ਲੈਂਦੀ ਹੈ; ਇਹ ਹਮੇਸ਼ਾ ਮਨੁੱਖ ਦੀ ਬਜਾਇ ਪਰਮੇਸ਼ੁਰ ਦੇ ਰਚਨਾਤਮਕ ਕੰਮ ਦਾ ਵਰਣਨ ਕਰਦੀ ਹੈ।[3] ਇਹ ਹਮੇਸ਼ਾ ਕਿਸੇ ਨਵੀਂ ਚੀਜ਼ ਨੂੰ ਹੋਂਦ ਵਿੱਚ ਲਿਆਉਣ ਦਾ ਵਰਣਨ ਕਰਦਾ ਹੈ, ਭਾਵੇਂ ਪਹਿਲਾਂ ਤੋਂ ਹੀ ਮੌਜੂਦ ਕਿਸੇ ਚੀਜ਼ ਤੋਂ (ਜਿਵੇਂ ਕਿ ਯਸਾਯਾਹ 43:15, 16; 65:18; ਯਿਰਮਿਯਾਹ 31:22 ਹੈ) ਜਾਂ ਜਿੱਥੇ ਪਹਿਲਾਂ ਤੋਂ ਮੌਜੂਦ ਕਿਸੇ ਚੀਜ਼ ਦਾ ਕੋਈ ਸੁਝਾਅ ਨਹੀਂ ਹੈ (ਜਿਵੇਂ ਕਿ ਜ਼ਬੂਰ 89:12; ਯਸਾਯਾਹ 45:12 ਵਿੱਚ ਹੈ)। ਉਤਪਤ ਵਿੱਚ ਨਿਸ਼ਚਤ ਤੌਰ ਤੇ ਬਾਅਦ ਵਾਲੀ ਗੱਲ ਦਾ ਮਾਮਲਾ ਲੱਗਦਾ ਹੈ। ਹਾਲਾਂਕਿ ਇਹ ਆਇਤ ਵਿਸ਼ੇਸ਼ ਤੌਰ ਤੇ ਇਹ ਨਹੀਂ ਕਹਿੰਦੀ ਕਿ ਪਰਮੇਸ਼ੁਰ ਨੇ ਸੰਸਾਰ ਨੂੰ *ਐਕਸ ਨਿਹਿਲੋ* ("ਕਿਸੇ ਵੀ ਚੀਜ਼ ਵਿੱਚੋਂ ਨਹੀਂ") ਰਚਿਆ ਹੈ, ਇਸ ਦਾ ਅਰਥ ਇਹੀ ਹੈ, ਕਿਉਂਕਿ ਉਸ ਨੇ ਇਹ ਬਿਨਾਂ ਕਿਸੇ ਯਤਨ ਦੇ ਕੀਤਾ, ਸਿਰਫ ਮੂੰਹ ਵਿੱਚੋਂ ਸ਼ਬਦ ਬੋਲਣ ਦੁਆਰਾ। ਇਹ ਵਿਚਾਰ ਇਬਰਾਨੀਆਂ ਦੀ ਪੱਤ੍ਰੀ ਵਿੱਚ ਸਪੱਸ਼ਟ ਹੈ ਜਿੱਥੇ ਇਹ ਲਿਖਿਆ ਹੈ, "ਨਿਹਚਾ ਨਾਲ ਅਸੀਂ ਜਾਣਦੇ ਹਾਂ ਭਈ ਜਗਤ ਨੂੰ ਪਰਮੇਸ਼ੁਰ ਦੇ ਫ਼ਰਮਾਨ ਨਾਲ ਸਾਜਿਆ ਗਿਆ ਅਤੇ ਜੋ ਕੁਝ ਵੇਖਣ ਵਿੱਚ

ਆਉਂਦਾ ਹੈ ਸੋ ਡਿੱਠੀਆਂ ਹੋਈਆਂ ਵਸਤਾਂ ਤੋਂ ਨਹੀਂ ਬਣਿਆ ਹੈ" (ਇਬਰਾਨੀਆਂ 11:3)।

**ਆਇਤ 2.** ਪਹਿਲੀ ਆਇਤ ਵਿੱਚ ਅਕਾਸ਼ ਅਤੇ ਧਰਤੀ ਦੀ ਰਚਨਾ ਬਾਰੇ ਸ਼ੁਰੂਆਤੀ ਗੱਲ ਕਰਨ ਤੋਂ ਬਾਅਦ, ਲੇਖਕ ਨੇ ਆਪਣਾ ਰੁਖ **ਧਰਤੀ** ਵੱਲ ਕਰ ਲਿਆ ਜਿਸ ਦਾ ਉਸ ਨੇ **ਬੇਡੌਲ ਤੇ ਸੁੰਞੀ** (תֹהוּ וָבֹהוּ, *ਥੋਹੁ ਵਬੋਹੁ*) ਵਜੋਂ ਵਰਣਨ ਕੀਤਾ। ਦੂਜੇ ਸ਼ਬਦਾਂ ਵਿੱਚ, ਇਹ ਅਵਿਵਸਥਿਤ ਹਾਲਤ ਦੇ ਵਿੱਚ ਸੀ। ਧਰਤੀ ਦੀ ਇਸ ਤਰ੍ਹਾਂ ਦੀ ਬੇਜ਼ਾਨ ਅਵਿਵਸਥਿਤ ਹਾਲਤ ਉਸ ਵਿਵਸਥਾ, ਸੁੰਦਰਤਾ ਅਤੇ ਜੀਵਨ ਦੇ ਉਲਟ ਹੈ ਜੋ ਰਚਨਾ ਦੇ ਛੇਵੇਂ ਦਿਨ ਦੇ ਅੰਤ ਵਿੱਚ ਦਰਸਾਇਆ ਗਿਆ ਹੈ। ਦੋ ਇਬਰਾਨੀ ਸ਼ਬਦ תֹהוּ (*ਥੋਹੁ*) ਅਤੇ בֹהוּ (*ਬੋਹੁ*) ਪੁਰਾਣੇ ਨੇਮ ਦੇ ਸਿਰਫ ਦੋ ਹੋਰ ਭਾਗਾਂ ਵਿੱਚ ਇਕੱਠੇ ਵਰਤੇ ਗਏ ਹਨ। ਦੋਹਾਂ ਥਾਵਾਂ ਤੇ, ਉਹ ਦੁਸ਼ਟ ਕੌਮਾਂ ਤੇ ਰੱਬੀ ਨਿਆਂ ਦਾ ਵਰਣਨ ਕਰਦੇ ਹਨ। ਪਹਿਲਾ ਹਵਾਲਾ ਦੱਸਦਾ ਹੈ ਕਿ ਯਹੋਵਾਹ ਦੀ ਤਲਵਾਰ "ਅਦੋਮ ਉੱਤੇ ਅਤੇ ਮੇਰੀ ਫਿੱਟੀ ਹੋਈ ਕੌਮ ਉੱਤੇ ਨਿਆਉਂ ਦੇ ਲਈ ਜਾ ਪਵੇਗੀ" (ਯਸਾਯਾਹ 34:5) ਅਤੇ ਫਿਰ ਯਸਾਯਾਹ ਨੇ ਇਸ ਰੱਬੀ ਨਿਆਉਂ ਦਾ "ਵਿਰਾਨੀ" (*ਥੋਹੁ*) ਅਤੇ "ਖਾਲੀਪਣ" (*ਬੋਹੁ)* ਦੇ ਰੂਪ ਵਿੱਚ ਵਰਣਨ ਕੀਤਾ (ਯਸਾਯਾਹ 34:11)।

ਦੂਜਾ ਹਵਾਲਾ ਯਿਰਮਿਯਾਹ ਵਿੱਚੋਂ ਹੈ। ਨਬੀ ਯਰੂਸ਼ਲਮ ਅਤੇ ਯਹੂਦਾਹ ਤੇ ਉਨ੍ਹਾਂ ਦੇ ਅਪਰਾਧਾਂ ਅਤੇ ਮੂਰਤੀਪੂਜਾ ਦੇ ਲਈ ਵਿਨਾਸ਼ ਦੇ ਸੰਦੇਸ਼ ਦਾ ਐਲਾਨ ਕਰ ਰਿਹਾ ਸੀ। ਇੱਕ ਦਰਸ਼ਣ ਵਿੱਚ, ਉਸ ਨੇ ਵੇਖਿਆ ਕਿ ਸਭ ਕੁਝ ਰਚਨਾ ਦੇ ਉਲਟ ਹੋ ਗਿਆ ਸੀ, ਜਦੋਂ ਬਾਬਲ ਦੀ ਸੈਨਾ ਨੇ ਉਹ ਸਭ ਕੁਝ ਤਬਾਹ ਕਰ ਦਿੱਤਾ ਜੋ ਯਹੂਦੀ ਮਾਤਰ ਭੂਮੀ ਅਤੇ ਰਾਜਧਾਨੀ ਸ਼ਹਿਰ ਵਿੱਚ ਬਚ ਗਿਆ ਸੀ। ਸ਼ਕਤੀਸ਼ਾਲੀ ਕਾਵਿਆਤਮਕ ਕਲਪਨਾ ਵਿੱਚ, ਉਸ ਨੇ ਵਰਣਨ ਕੀਤਾ ਕਿ ਧਰਤੀ ਵਾਪਸ ਉਸੇ ਅਵਸਥਾ ਵਿੱਚ ਚਲੀ ਗਈ ਜਿਸ ਤਰ੍ਹਾਂ ਇਹ ਰਚਨਾ ਤੋਂ ਪਹਿਲਾਂ ਸੀ। ਸਾਰੇ ਸ਼ਹਿਰ ਨਾਸ ਕਰ ਦਿੱਤੇ ਗਏ ਅਤੇ ਉੱਥੇ ਨਾ ਲੋਕ, ਨਾ ਪੰਛੀ, ਨਾ ਕੋਈ ਸਾਗ ਪੱਤ ਅਤੇ ਨਾ ਹੀ ਚਾਣਨ ਸੀ। ਧਰਤੀ ਇੱਕ ਵਾਰ ਫੇਰ "ਬੇਡੌਲ" (*ਥੋਹੁ)* ਅਤੇ "ਸੁੰਞੀ" (*ਬੋਹੁ*) ਹੋ ਗਈ ਸੀ (ਯਿਰਮਿਯਾਹ 4:23)। ਇਨ੍ਹਾਂ ਨਬੂਵਤੀ ਨਾਸ ਦੀਆਂ ਵਾਣੀਆਂ ਵਿੱਚ ਦੋਹਾਂ ਸ਼ਬਦਾਂ ਦਾ ਜੁੜਨਾ ਇੱਕ ਅਜਿਹੀ ਵਿਆਖਿਆ ਦੀ ਉਸਾਰੀ ਕਰਦਾ ਹੈ ਜੋ ਉਤਪਤ 1:2-31 ਦੇ ਅਰਥ ਤੇ ਚਾਣਨ ਪਾਉਂਦੀ ਹੈ - ਅਰਥਾਤ ਇਹ ਕਿ ਕਿਸੇ ਵੀ ਚੀਜ਼ ਨੂੰ "ਚੰਗਾ" ਨਹੀਂ ਕਿਹਾ ਜਾ ਸਕਦਾ ਜਦੋਂ ਤੱਕ ਅਨ੍ਹੇਰੇ, ਅਵਿਵਸਥਾ ਅਤੇ ਖਾਲੀਪਣ ਨੂੰ ਚਾਨਣ, ਰੂਪ, ਸੁੰਦਰਤਾ ਅਤੇ ਅਰਥ ਦੀ ਰਚਨਾ ਦੇ ਨਾਲ ਨਹੀਂ ਬਦਲਿਆ ਜਾਂਦਾ।

**ਡੂੰਘਿਆਈ ਉੱਤੇ ਅਨ੍ਹੇਰਾ ਸੀ** ਕਥਨ ਵਿੱਚ, "ਅਨ੍ਹੇਰਾ" ਅਤੇ "ਡੂੰਘਿਆਈ" ਸ਼ਬਦ ਉਸ ਦੇ ਵਿੱਚ ਇੱਕ ਦੂਜੇ ਨਾਲ ਇਸ ਤਰ੍ਹਾਂ ਜੁੜੇ ਹੋਏ ਹਨ ਜੋ ਉਸ ਦੇ ਕਾਰਣ ਇੱਕ ਅਸ਼ੁਭ ਤਰੀਕਾ ਜਾਪਦਾ ਹੈ ਜਿਸ ਦੇ ਨਾਲ ਪ੍ਰਾਚੀਨ ਲੋਕ ਇਨ੍ਹਾਂ ਤਾਕਤਾਂ ਨੂੰ ਵੇਖਦੇ ਸਨ। ਕਾਫੀ ਲੰਬੇ ਸਮੇਂ ਤੱਕ, ਇਹ ਸੋਚਿਆ ਜਾਂਦਾ ਸੀ ਕਿ "ਡੂੰਘਿਆਈ" (תְּהוֹם, *ਥੀਹੋਮ*) ਲਈ ਜਿਹੜਾ ਇਬਰਾਨੀ ਸ਼ਬਦ ਵਰਤਿਆ ਗਿਆ ਹੈ ਉਹ ਅਕਾਦੀਅਨ ਸ਼ਬਦ *ਤਿਆਮਤ*, "ਡੂੰਘਿਆਈ" ਦੇ ਪ੍ਰਾਚੀਨ ਬਾਬੁਲ ਦੀ ਦੇਵੀ ਤੋਂ ਲਿਆ ਗਿਆ ਸੀ। ਪੁਰਾਣਕ ਕਥਾ ਅਨੁਸਾਰ, ਵਿਵਸਥਾ ਦੇ ਅਵਿਵਸਥਾ ਵਿੱਚ ਆਉਣ ਤੋਂ ਪਹਿਲਾਂ, ਤਿਆਮਤ ਨੂੰ ਮਰਦੁਕ (ਇੱਕ ਜਵਾਨ ਦੇਵਤਾ ਜਿਹੜਾ ਸਾਰੇ ਦੇਵਤਿਆਂ ਤੇ ਪਾਤਸ਼ਾਹੀ ਚਾਹੁੰਦਾ ਸੀ) ਦੁਆਰਾ ਘਾਤ ਕੀਤਾ ਜਾਣਾ ਸੀ।[4] ਫਿਰ ਵੀ, ਹਾਲ ਹੀ ਦੇ ਕੁਝ ਸਮਿਆਂ ਵਿੱਚ, ਇਸ ਪ੍ਰਸੰਗ ਦੇ ਵਿਰੁੱਧ ਮਜ਼ਬੂਤ ਦਲੀਲਾਂ ਦਿੱਤੀਆਂ ਜਾ ਚੁੱਕੀਆਂ ਹਨ, ਇਸ ਲਈ "ਹੁਣ ਇਹ ਮੰਨਿਆ ਜਾਂਦਾ ਹੈ ਕਿ ਭਾਸ਼ਾ ਵਿਗਿਆਨ ਵਿੱਚ *ਥੀਹੋਮ* ਸ਼ਬਦ ਤਿਆਮਤ ਵਿੱਚੋਂ ਨਹੀਂ ਨਿੱਕਲਿਆ ਹੈ[5] ਅਤੇ ਉਤਪਤ ਦਾ ਲੇਖਕ ਆਪਣੀ ਸ਼ਬਦਾਵਲੀ ਦੇ ਲਈ ਬਾਬਲ ਦੀ ਪੁਰਣਾਕ ਕਥਾ ਤੇ ਨਿਰਭਰ ਨਹੀਂ ਸੀ। ਦਰਅਸਲ, ਬਾਈਬਲ ਵਿੱਚ *ਥੀਹੋਮ* ਦਾ ਕੋਈ ਅਵਤਾਰ ਨਹੀਂ ਹੈ

ਅਤੇ ਇਸ ਨੂੰ ਕਦੇ ਇੱਕ ਸ਼ਕਤੀਸ਼ਾਲੀ ਤਾਕਤ ਦੇ ਰੂਪ ਵਿੱਚ ਨਹੀਂ ਵੇਖਿਆ ਜਾਂਦਾ ਜਿਸ ਨੂੰ ਹਰਾਉਣਾ ਜ਼ਰੂਰੀ ਸੀ ਇਸ ਤੋਂ ਪਹਿਲਾਂ ਕਿ ਪਰਮੇਸ਼ੁਰ ਚਾਨਣ, ਜੀਵਨ ਅਤੇ ਸੁੰਦਰ ਸੰਸਾਰ ਦੀ ਰਚਨਾ ਕਰ ਸਕਦਾ। ਇਸ ਦੇ ਉਲਟ ਗੱਲ ਸੱਚ ਹੈ। ਇਹ ਸਿਰਫ ਬੇਡੌਲ ਧਰਤੀ ਤੇ ਡੂੰਘਿਆਈ, ਅਨ੍ਹੇਰੇ ਵਾਲੇ ਪਾਣੀਆਂ ਦਾ ਹਵਾਲਾ ਦਿੰਦਾ ਹੈ। ਇਨ੍ਹਾਂ ਨੂੰ ਵੱਖਰਿਆਂ ਕਰਨਾ ਸੀ ਅਤੇ ਹੱਦਾਂ ਵਿੱਚ ਰੱਖਣਾ ਸੀ ਜਿਵੇਂ ਪਰਮੇਸ਼ੁਰ ਨੇ ਪੰਛੀਆਂ, ਧਰਤੀ ਤੇ ਰਹਿਣ ਵਾਲੇ ਜਾਨਵਰਾਂ ਅਤੇ ਆਦਮੀ ਨੂੰ ਸਮੁੰਦਰ ਵਿੱਚ ਰਹਿਣ ਵੱਲੇ ਵੱਖ-ਵੱਖ ਜੀਵਾਂ ਨੂੰ ਵਿਵਸਥਿਤ ਕਰਨ ਅਤੇ ਵੱਖ ਕਰਨ ਦੁਆਰਾ ਆਪਣੀ ਆਪਣੀ ਰਚਨਾਤਮਕ ਪ੍ਰਕਿਰਿਆ ਨੂੰ ਜਾਰੀ ਰੱਖਿਆ ਸੀ।

ਮੂਲ ਲਿਖਤ ਕਹਿੰਦੀ ਹੈ ਕਿ **ਪਰਮੇਸ਼ੁਰ ਦਾ ਆਤਮਾ ਪਾਣੀਆਂ ਦੇ ਉੱਤੇ ਸੇਉਂਦਾ ਸੀ**। ਇਬਰਾਨੀ ਸ਼ਬਦ רוּחַ (*ਰੁਆਚ*) ਦਾ ਅਰਥ ਜਾਂ "ਹਵਾ" ਜਾਂ "ਆਤਮਾ" ਹੋ ਸਕਦਾ ਹੈ ਜਦੋਂ ਇਸ ਨੂੰ *ਇਲੋਹਿਮ* (ਪਰਮੇਸ਼ੁਰ) ਨਾਲ ਜੋੜਿਆ ਜਾਂਦਾ ਹੈ। ਇਸ ਦਾ ਅਰਥ ਜਾਂ ਤਾਂ "ਪਰਮੇਸ਼ੁਰ ਦੀ ਵੱਲੋਂ ਇੱਕ ਹਵਾ" (NRSV) ਜਾਂ "ਇੱਕ ਸ਼ਕਤੀਸ਼ਾਲੀ ਹਵਾ" (NAB) ਹੋ ਸਕਦਾ ਹੈ। ਫਿਰ ਵੀ, ਇਹ ਅਨੁਵਾਦ ਬਿਲਕੁਲ ਹੀ ਸੰਭਵ ਨਹੀਂ ਜਾਪਦੇ ਕਿਉਂਕਿ ਬਾਕੀ ਹੋਰ ਪੰਦਰਾਂ ਬੰਦਾਂ ਵਿੱਚ ਜਿੱਥੇ ਪੁਰਾਣੇ ਨੇਮ ਵਿੱਚ ਇਹ ਵਾਕ ਆਉਂਦਾ ਹੈ, ਇੱਕ ਦਾ ਵੀ ਅਰਥ "ਇੱਕ ਸ਼ਕਤੀਸ਼ਾਲੀ ਹਵਾ" ਵਰਗੀ ਕਿਸੇ ਚੀਜ਼ ਦਾ ਬਿਲੁਕੁਲ ਨਹੀਂ ਹੈ।

ਹਾਲਾਂਕਿ ਉਤਪਤ 23:6 ਵਿੱਚ *ਇਲੋਹਿਮ* ਨੂੰ ਨਾਂਵ ਦੀ ਬਜਾਇ ਵਿਸ਼ੇਸ਼ਣ ਦੇ ਰੂਪ ਵਿੱਚ ਵਰਤਿਆ ਜਾ ਸਕਦਾ ਹੈ, ਜਿੱਥੇ ਅਬਰਾਹਾਮ ਨੂੰ "ਸ਼ਕਤੀਸ਼ਾਲੀ ਸਜਾਦਾ" (ਜਾਂ "ਪਰਮੇਸ਼ੁਰ ਦਾ ਸਜਾਦਾ"; ASV) ਕਿਹਾ ਗਿਆ ਹੈ, ਇਸ ਸ਼ਬਦ ਦੀ ਅਜਿਹੀ ਸਮਝ ਉਤਪਤ 1 ਦੇ ਸੰਦਰਭ ਵਿੱਚ ਢੁਕਵੀਂ ਨਹੀਂ ਹੈ। ਅਸਲੀ ਇਬਰਾਨੀ ਮੂਲ ਲਿਖਤ ਦੇ ਅਨੁਵਾਦਕ ਕੋਲੋਂ 1:2 ਵਿੱਚ *ਇਲੋਹਿਮ* ਸ਼ਬਦ ਅਤੇ ਇਸ ਅਧਿਆਇ ਵਿੱਚ ਹੋਰ 31 ਵਾਰ ਵਰਤੇ ਗਏ ਇਸ ਸ਼ਬਦ ਵਿਚਕਾਰ ਕਿਵੇਂ ਅੰਤਰ ਦਰਸਾਉਣ ਦੀ ਉਮੀਦ ਕੀਤੀ ਜਾਵੇਗੀ, ਜਿਨ੍ਹਾਂ ਸਭਨਾਂ ਦਾ ਅਰਥ ਸਿਰਫ "ਪਰਮੇਸ਼ੁਰ" ਹੈ?

ਜਿੱਥੇ *ਰੁਆਚ* ਸ਼ਬਦ "ਹਵਾ" ਦੇ ਅਰਥ ਲਈ ਵਰਤਿਆ ਗਿਆ ਹੈ, ਉਹ ਪਰਮੇਸ਼ੁਰ ਦੀ ਹਜ਼ੂਰੀ ਦਾ ਇੱਕ ਸ਼ਕਤੀਸ਼ਾਲੀ ਪ੍ਰਗਟਾਵਾ ਹੈ, ਇਹ ਇੱਕ ਵਿਨਾਸ਼ਕਾਰੀ ਸ਼ਕਤੀ ਨੂੰ ਪਰਗਟ ਕਰਦਾ ਹੈ। ਉਦਾਹਰਣ ਦੇ ਲਈ, ਕੂਚ 15:10 ਪਰਮੇਸ਼ੁਰ ਬਾਰੇ ਕਹਿੰਦੀ ਹੈ "ਤੈਂ ਆਪਣੀ ਹਵਾ ਨਾਲ ਫੂਕ ਮਾਰੀ, ਸਮੁੰਦਰ ਨੇ ਉਨ੍ਹਾਂ [ਫ਼ਿਰਊਨ ਦੀ ਫੌਜ] ਨੂੰ ਢੱਕ ਲਿਆ, ਓਹ ਸਿੱਕੇ ਵਾਂਙੁ ਮਹਾ ਜਲ ਵਿੱਚ ਡੁੱਬ ਗਏ" (ਵੇਖੋ ਯਸਾਯਾਹ 11:15; 40:7; ਹੋਸ਼ੇਆ 13:15)। ਉਤਪਤ 1 ਦਾ ਸੰਦਰਭ *ਰੁਆਚ ਇਲੋਹਿਮ* ਦੀ ਅਜਿਹੀ ਵਰਤੋਂ ਦੀ ਮਨਾਹੀ ਕਰਦਾ ਹੈ। ਇੱਕ ਵਿਨਾਸ਼ਕਾਰੀ ਸ਼ਕਤੀ ਦੇ ਰੂਪ ਵਿੱਚ ਵਰਤੇ ਜਾਣ ਦੀ ਬਜਾਇ, *ਰੁਆਚ ਇਲੋਹਿਮ* ਇੱਕ ਰਚਨਾਤਮਕ, ਰਚਨਾ ਦੀ ਪ੍ਰਕਿਰਿਆ ਦਾ ਹਿੱਸਾ ਜਾਪਦਾ ਹੈ ਜੋ ਉਤਪਤ ਵਿੱਚ ਸ਼ੁਰੂ ਹੁੰਦੀ ਹੈ।

ਜਦੋਂ ਮੂਲ ਲਿਖਤ ਧਰਤੀ ਦੇ ਪਾਣੀਆਂ ਤੇ ਪਰਮੇਸ਼ੁਰ ਦੇ ਆਤਮਾ ਦੇ "ਸੇਉਣ" (מְרַחֶפֶת, *ਮਰਾਚੇਫੇਥ*) ਦਾ ਹਵਾਲਾ ਦਿੰਦਾ ਹੈ, ਤਾਂ ਇਸ ਕਿਰਿਆ ਦਾ ਅਰਥ ਇਹ ਹੋ ਸਕਦਾ ਹੈ ਕਿ ਆਤਮਾ ਪਾਣੀਆਂ ਦੇ ਉੱਤੇ "ਸੇਉਂਦਾ" (NIV; ESV) ਸੀ। ਇਸ ਵਿਆਖਿਆ ਦਾ ਕਾਰਣ ਇਹ ਹੈ ਕਿ ਇੱਕ ਹੋਰ ਹਵਾਲਾ ਯਾਹਵੇਹ ਦੀ ਤੁਲਨਾ ਇੱਕ ਉਕਾਬ ਨਾਲ ਕਰਦਾ ਹੈ ਜਿਹੜਾ ਆਪਣੇ ਬੱਚਿਆਂ ਉੱਤੇ "ਫੜ ਫੜਾਉਂਦਾ" (רָחַף, *ਰਾਚੈਪ*) ਹੈ (ਬਿਵਸਥਾ ਸਾਰ 32:11)। ਉਤਪਤ 1 ਵਿੱਚ ਜੇਕਰ ਇਸ ਕਥਨ ਦਾ ਇਹੀ ਅਰਥ ਹੈ, ਆਇਤ ਇਹ ਜ਼ੋਰ ਦਿੰਦੀ ਹੈ ਕਿ ਪਾਣੀ ਦੀ ਡੂੰਘਿਆਈ ਵਿੱਚ ਇਸ ਅਵਿਵਸਥਿਤ ਸਥਿਤੀ ਦੇ ਬਾਵਜੂਦ, ਪਰਮੇਸ਼ੁਰ ਦੇ ਰੱਖਿਆਤਮਕ ਆਤਮਾ ਨੇ ਸਭ ਕੁਝ ਕਾਬੂ ਵਿੱਚ ਰੱਖਿਆ। ਬਸ ਇਹ ਕੁਝ ਹੀ ਦੇਰ ਦੀ ਗੱਲ ਸੀ ਜਦੋਂ ਤੱਕ

ਪਰਮੇਸ਼ੁਰ ਨੇ ਬੋਲਣਾ ਸ਼ੁਰੂ ਕੀਤਾ ਅਤੇ ਆਪਣੀ ਰਚਨਾ ਦੇ ਇਸ ਪਹਿਲੇ ਪੜਾਅ ਵਿੱਚੋਂ ਵਿਵਸਥਾ, ਜੀਵਨ ਅਤੇ ਸੁੰਦਰਤਾ ਨੂੰ ਜਨਮ ਦਿੱਤਾ।

## ਦਿਨ 1: ਚਾਨਣ ਨੂੰ ਰਚਿਆ ਅਤੇ ਅਨ੍ਹੇਰੇ ਤੋਂ ਵੱਖਰਾ ਕੀਤਾ (1:3-5)

**[3]ਪਰਮੇਸ਼ੁਰ ਨੇ ਆਖਿਆ ਕਿ ਚਾਨਣ ਹੋਵੇ ਤਾਂ ਚਾਨਣ ਹੋ ਗਿਆ। [4]ਤਾਂ ਪਰਮੇਸ਼ੁਰ ਨੇ ਚਾਨਣ ਨੂੰ ਡਿੱਠਾ ਭਈ ਚੰਗਾ ਹੈ ਅਤੇ ਪਰਮੇਸ਼ੁਰ ਨੇ ਚਾਨਣ ਨੂੰ ਅਨ੍ਹੇਰੇ ਤੋਂ ਵੱਖਰਾ ਕੀਤਾ। [5]ਪਰਮੇਰ ਨੇ ਚਾਨਣ ਨੂੰ ਦਿਨ ਆਖਿਆ ਤੇ ਅਨ੍ਹੇਰੇ ਨੂੰ ਰਾਤ ਆਖਿਆ ਸੋ ਸੰਝ ਤੇ ਸਵੇਰ ਪਹਿਲਾ ਦਿਨ ਹੋਇਆ।**

**ਆਇਤ 3.** ਜਦੋਂ ਤਰਤੀਬਵਾਰ ਰਚਨਾ ਦੀ ਪ੍ਰਕਿਰਿਆ ਸ਼ੁਰੂ ਹੋਈ, ਇਹ ਪਰਮੇਸ਼ੁਰ ਦੇ ਬੋਲੇ ਗਏ ਵਚਨ ਦੁਆਰਾ ਹੋਈ ਸੀ। **ਪਰਮੇਸ਼ੁਰ ਨੇ ਆਖਿਆ** ਕਥਨ ਨੇ ਮਾਹੌਲ ਪੈਦਾ ਕੀਤਾ ਅਤੇ ਇੱਕ ਅਜਿਹਾ ਨਮੂਨਾ ਕਾਇਮ ਕੀਤਾ ਜਿਸ ਦਾ ਪਾਲਣ ਲੇਖਕ ਨੇ ਬਾਕੀ ਦੇ ਬਚੇ ਅਧਿਆਇ ਅਤੇ ਬਾਕੀ ਦੇ ਵਚਨਾਂ ਵਿੱਚ ਕੀਤਾ। ਇਸ ਦਾ ਉਦਾਹਰਣ ਦੇਣ ਦੇ ਲਈ, ਜ਼ਬੂਰ ਲਿਖਣ ਵਾਲੇ ਨੇ ਆਖਿਆ, "ਯਹੋਵਾਹ ਦੇ *ਸ਼ਬਦ* ਨਾਲ ਅਕਾਸ਼ ਬਣਾਏ ਗਏ, ਅਤੇ ਉਨ੍ਹਾਂ ਦੀ ਸਾਰੀ ਵੱਸੋਂ ਉਹ ਦੇ ਮੂੰਹ ਦੇ *ਸਵਾਸ* ਨਾਲ। . . . ਉਸ ਨੇ ਆਖਿਆ ਤਾਂ ਉਹ ਹੋ ਗਿਆ, ਉਸ ਨੇ ਹੁਕਮ ਦਿੱਤਾ ਤਾਂ ਉਹ ਬਣ ਗਿਆ" (ਜ਼ਬੂਰ 33:6, 9; ਜ਼ੋਰ ਦਿੱਤਾ ਗਿਆ ਹੈ)। ਉਸ ਬੰਦ ਵਿੱਚ "ਸ਼ਬਦ" ਅਤੇ "ਸਵਾਸ" (*ਰੁਆਚ,* "ਆਤਮਾ") ਵਿਚਕਾਰ ਸਮਾਨਤਾ ਹੈ। ਜਦੋਂ ਪਰਮੇਸ਼ੁਰ ਬੋਲਿਆ, ਉਸ ਨੇ ਆਪਣੇ ਆਤਮਾ ਦੀ ਰਚਨਾਤਮਕ ਊਰਜਾ ਛੱਡੀ ਇਸ ਲਈ ਉਸ ਨੇ ਜੋ ਬੋਲਿਆ ਉਹ ਹੋ ਗਿਆ।

ਰਚਨਹਾਰ ਦਾ ਪਹਿਲਾ ਲਿਖਤ ਸ਼ਬਦ ਇੱਕ ਹੁਕਮ ਸੀ: **ਚਾਣਨ ਹੋਵੇ ਤਾਂ ਚਾਨਣ ਹੋ ਗਿਆ**। ਇਸ ਲਈ ਸੰਸਾਰ ਨੂੰ ਵਿਵਸਥਿਤ ਅਤੇ ਸੁੰਦਰ ਰੂਪ ਵਿੱਚ ਲਿਆਉਣ ਦਾ ਸ਼ੁਰੂਆਤੀ ਕੰਮ ਚਾਨਣ ਦੀ ਰਚਨਾ ਸੀ। ਇਹ ਸੁਭਾਵਕ ਜਾਂ ਸਰੀਰਕ ਚਾਨਣ ਸੀ ਕਿਉਂਕਿ ਇਸ ਤੋਂ ਬਿਨਾਂ, ਸਾਰਾ ਕੁਝ ਅਨ੍ਹੇਰੇ ਅਤੇ ਅਵਿਵਸਥਾ ਦਾ ਸਰੀਰਕ ਖੇਤਰ ਸੀ। ਇਸ ਤੱਥ ਤੋਂ ਕਿ ਪਰਮੇਸ਼ੁਰ ਨੇ ਸੂਰਜ ਬਣਾਉਣ ਤੋਂ ਤਿੰਨ ਦਿਨ ਪਹਿਲਾਂ ਚਾਨਣ ਨੂੰ ਬਣਾਇਆ ਸੀ ਪਾਠਕ ਨੂੰ ਵਿਆਕੁਲ ਹੋਣ ਦੀ ਕੋਈ ਲੋੜ ਨਹੀਂ ਹੈ ਕਿਉਂਕਿ ਉਸ ਸਾਰੀਆਂ ਗੱਲਾਂ ਜਿਨ੍ਹਾਂ ਦੀ ਉਤਪਤ ਦੇ ਲੇਖਕ ਨੇ ਪੁਸ਼ਟੀ ਕੀਤੀ ਹੈ ਉਹ ਇਹ ਹੈ ਕਿ ਪਰਮੇਸ਼ੁਰ ਨੇ ਪਹਿਲੇ ਦਿਨ ਚਾਨਣ ਨੂੰ ਸੂਰਜ ਨਾਲੋਂ ਕਿਸੇ ਵੱਖਰੇ ਸ੍ਰੋਤ ਨਾਲ ਚਮਕਾਇਆ ਸੀ। ਬਾਈਬਲ ਵਿੱਚ ਅਨ੍ਹੇਰੇ ਅਤੇ ਚਾਣਨ ਨੂੰ ਅਕਸਰ ਇੱਕੋ ਜਿਹੇ ਅਲੱਗ ਖੇਤਰਾਂ ਨੂੰ ਪਰਗਟ ਕਰਨ ਦੇ ਲਈ ਵਰਤਿਆ ਜਾਂਦਾ ਹੈ; ਉਦਾਹਰਣ ਦੇ ਲਈ, ਪੂਰੇ ਮਿਸਰ ਦੇਸ ਵਿੱਚ ਤਿੰਨ ਦਿਨ ਤੱਕ ਅਨ੍ਹੇਰਾ ਛਾਇਆ ਰਿਹਾ, ਸਗੋਂ ਮਿਸਰੀਆਂ ਦੇ ਘਰਾਂ ਵਿੱਚ ਵੀ; ਪਰ ਇਸਰਾਏਲੀਆਂ ਦੇ ਘਰਾਂ ਵਿੱਚ ਚਾਣਨ ਸੀ (ਕੂਚ 10:21-23)। ਉਜਾੜ ਵਿੱਚ ਵੀ, ਇਸਰਾਏਲੀਆਂ ਦਾ ਤੰਬੂ ਅਨ੍ਹੇਰੇ ਨਾਲ ਘਿਰਿਆ ਹੋਇਆ ਸੀ; ਪਰ ਤੰਬੂ ਦੇ ਉੱਤੇ ਅੱਗ ਦਾ ਖੰਭਾ ਸੀ, ਜਿਹੜਾ ਪਰਮੇਸ਼ੁਰ ਦੇ ਲੋਕਾਂ ਨੂੰ ਚਾਨਣ ਦਿੰਦਾ ਸੀ (ਗਿਣਤੀ 9:15-18; ਵੇਖੋ ਕੂਚ 13:20-22)।

ਇੱਕ ਆਤਮਿਕ ਭਾਵ ਵਿੱਚ, ਅਨ੍ਹੇਰੇ ਤੋਂ ਚਾਨਣ ਦੀ ਵਿਸ਼ੇਸ਼ਤਾ ਖ਼ਾਸ ਤੌਰ ਤੇ ਉਸੇ ਤਰ੍ਹਾਂ ਸਪੱਸ਼ਟ ਹੁੰਦੀ ਹੈ ਜਿਵੇਂ ਅੱਛਾਈ ਦੀ ਬੁਰਾਈ ਨਾਲ ਤੁਲਨਾ ਕਰਨ ਤੋਂ ਹੁੰਦੀ ਹੈ। ਚਾਨਣ ਦੀ ਅਕਸਰ ਇੱਕ ਰੂਪਕ ਭਾਵ ਵਿੱਚ ਵਰਤੋਂ ਕੀਤੀ ਜਾਂਦੀ ਹੈ ਜੋ ਧਾਰਮਿਕਤਾ ਅਤੇ ਜੀਵਨ ਦੇ ਖੇਤਰ (ਜ਼ਿੂਰਾਂ ਦੀ ਪੋਥੀ 37:6; 56:13), ਪਰਮੇਸ਼ੁਰ ਦੇ ਗਿਆਨ ਅਤੇ ਹੁਕਮਾਂ (ਅੱਯੂਬ 12:22; 24:13) ਅਤੇ ਪਰਮੇਸ਼ੁਰ ਦੀ ਮੁਕਤੀ ਅਤੇ ਹਜ਼ੂਰੀ (ਗਿਣਤੀ 9:15, 16; ਜ਼ਬੂਰ 27:1;

ਯਸਾਯਾਹ 9:2) ਦੇ ਖੇਤਰ ਨੂੰ ਦਰਸਾਉਂਦਾ ਹੈ। ਦੂਜੇ ਪਾਸੇ, ਅਨ੍ਹੇਰਾ ਪਾਪ ਅਤੇ ਬੁਰਾਈ (ਅੱਯੂਬ 5:14; ਕਹਾਉਤਾਂ 2:13; ਉਪਦੇਸ਼ਕ ਦੀ ਪੋਥੀ 2:14), ਅੰਧ ਵਿਸ਼ਵਾਸ ਅਤੇ ਮੂਰਤੀਪੂਜਾ (ਯਸਾਯਾਹ 9:2; ਹਿਜ਼ਕੀਏਲ 8:12) ਅਤੇ ਨਿਆਂ ਅਤੇ ਮੌਤ (ਜ਼ਬੂਰ 105:28; ਹਿਜ਼ਕੀਏਲ 30:18; ਯੋਏਲ 2:2) ਦਾ ਪ੍ਰਤੀਕ ਹੈ।

**ਆਇਤ 4. ਚਾਨਣ** ਦੀ ਰਚਨਾ ਤੋਂ ਬਾਅਦ, **ਪਰਮੇਸ਼ੁਰ**, ਮੁੱਖ ਕਲਾਕਾਰ ਦੇ ਤੌਰ ਤੇ, ਆਪਣੇ ਕੰਮ ਦੀ ਪ੍ਰਸ਼ੰਸਾ ਕਰਨ ਦੇ ਲਈ ਇੱਕ ਕਦਮ ਪਿੱਛੇ ਹਟਿਆ ਅਤੇ **ਡਿੱਠਾ** ਕਿ ਇਹ ਚਾਨਣ ਕਿੰਨਾ ਸੁੰਦਰ ਸੀ। ਇਸ ਲਈ ਉਸ ਨੇ **ਚਾਨਣ ਨੂੰ ਅਨ੍ਹੇਰੇ ਤੋਂ ਵੱਖਰਾ ਕੀਤਾ** ਅਤੇ ਇਸ ਨੂੰ **ਚੰਗਾ** ਆਖਿਆ। "ਚੰਗਾ" (*ਟੋਬ*) ਤੋਂ ਪਰਮੇਸ਼ੁਰ ਦਾ ਇਹ ਅਰਥ ਨਹੀਂ ਸੀ ਕਿ ਚਾਨਣ ਨੈਤਿਕ ਤੌਰ ਤੇ ਚੰਗਾ ਸੀ; ਬਲਕਿ, ਇਹ ਉਹ ਸਭ ਕਰਨ ਦੇ ਯੋਗ ਅਤੇ ਢੁਕਵਾਂ ਸੀ ਜਿਸ ਉਦੇਸ਼ ਦੇ ਲਈ ਇਸ ਨੂੰ ਬਣਾਇਆ ਗਿਆ ਸੀ, ਅਰਥਾਤ, ਊਰਜਾ ਪ੍ਰਦਾਨ ਕਰਨ ਦੇ ਲਈ ਜੋ ਇੱਕ ਅਜਿਹੇ ਵਾਤਾਵਰਣ ਨੂੰ ਸੰਭਵ ਬਣਾਉਂਦੀ ਹੈ ਜਿੱਥੇ ਜੀਵਨ ਨੂੰ ਸੰਭਾਲਿਆ ਜਾ ਸਕਦਾ ਹੈ ਅਤੇ ਉਸ ਦੀ ਰਚਨਾ ਦੀ ਸੁੰਦਰਤਾ ਨੂੰ ਪਰਗਟ ਕਰਨਾ ਹੈ। ਜਦੋਂ ਪਰਮੇਸ਼ੁਰ ਨੇ "ਚਾਨਣ ਨੂੰ ਅਨ੍ਹਰੇ ਨਾਲੋਂ ਵੱਖਰਾ ਕੀਤਾ," ਉਸ ਨੇ ਉਸ ਚਾਨਣ ਨੂੰ ਨਾਸ ਜਾਂ ਰੱਦ ਨਹੀਂ ਕੀਤੀ ਜੋ ਪਹਿਲਾਂ ਤੋਂ ਮੌਜੂਦ ਸੀ। ਬਜਾਇ ਇਸ ਦੇ, ਉਸ ਨੇ ਉਨ੍ਹਾਂ ਨੂੰ ਇੱਕ ਦੂਜੇ ਤੋਂ ਵੱਖਰਾ ਰੱਖਣ ਦੇ ਲਈ ਉਨ੍ਹਾਂ ਨੂੰ ਵੱਖਰਿਆਂ ਕੀਤਾ। ਹਰੇਕ ਆਪਣੇ-ਆਪਣੇ ਸਮੇਂ ਦੇ ਅਨੁਸਾਰ ਆਪਣੇ-ਆਪਣੇ ਖੇਤਰ ਵਿੱਚ ਕੰਮ ਕਰੇਗਾ, ਕੁਝ ਸਮੇਂ ਦੇ ਲਈ ਇੱਕ ਕੰਮ ਕਰੇਗਾ ਅਤੇ ਫਿਰ ਕੁਝ ਸਮੇਂ ਦੇ ਲਈ ਦੂਜਾ ਕੰਮ ਕਰੇਗਾ।

**ਆਇਤ 5. ਪਰਮੇਸ਼ੁਰ ਨੇ ਚਾਨਣ ਨੂੰ ਦਿਨ ਆਖਿਆ ਤੇ ਅਨ੍ਹੇਰੇ ਨੂੰ ਰਾਤ ਆਖਿਆ।** ਉਤਪਤ ਦੇ ਪਹਿਲੇ ਅਧਿਆਇ ਵਿੱਚ, ਲੇਖਕ ਨੇ ਜ਼ੋਰ ਦਿੱਤਾ ਕਿ ਰਚਨਹਾਰ ਨੇ ਉਨ੍ਹਾਂ ਚੀਜ਼ਾਂ ਨੂੰ ਨਾਮ ਦਿੱਤੇ ਜੋ ਉਸ ਦੇ ਰਚੀਆਂ ਸਨ। ਉਸ ਨੇ ਚਾਨਣ ਨੂੰ "ਦਿਨ" ਅਤੇ ਅਨ੍ਹੇਰੇ ਨੂੰ "ਰਾਤ" ਨਾਮ ਦਿੱਤਾ (1:5)। ਪਰਮੇਸ਼ੁਰ ਨੇ ਅੰਬਰ ਨੂੰ "ਅਕਾਸ਼" (1:8), ਖੁਸ਼ਕੀ ਨੂੰ "ਧਰਤੀ" ਅਤੇ ਪਾਣੀਆਂ ਦੇ ਇਕੱਠ ਨੂੰ "ਸਮੁੰਦਰ" (1:10) ਆਖਿਆ। ਇਸ ਤੋਂ ਇਲਾਵਾ, ਉਸ ਨੇ ਨਰ ਨਾਰੀ ਨੂੰ "ਆਦਮੀ" (אָדָם, *ਆਦਮ*), ਜਾਂ "ਮਨੁੱਖਜਾਤੀ" ਆਖਿਆ (1:27; 5:1, 2 ਤੇ ਟਿੱਪਣੀਆਂ ਵੇਖੋ)। ਪੁਰਾਣੇ ਨੇਮ ਵਿੱਚ, ਕਿਸੇ ਚੀਜ਼ ਨੂੰ ਨਾਮ ਦੇਣਾ ਇਸ ਤੇ ਆਪਣਾ ਅਧਿਕਾਰ ਜਮਾਉਣਾ ਸੀ (ਵੇਖੋ 2:20, 23; 3:20; 4:25; 2 ਰਾਜਿਆਂ 23:34; 24:17)। ਇਸ ਤਰੀਕੇ ਨਾਲ, ਪਰਮੇਸ਼ੁਰ ਨੇ ਉਨ੍ਹਾਂ ਦੀਆਂ ਸਹੀ ਭੂਮਿਕਾਵਾਂ ਨੂੰ ਪਰਿਭਾਸ਼ਿਤ ਕੀਤਾ ਜੋ ਪਰਮੇਸ਼ੁਰ ਦੁਆਰਾ ਇਨ੍ਹਾਂ ਰਚੀਆਂ ਗਈਆਂ ਚੀਜ਼ਾਂ ਜਿਨ੍ਹਾਂ ਨੂੰ ਪਰਮੇਸ਼ੁਰ ਨੇ ਨਾਮ ਦਿੱਤੇ ਸਨ ਉਸ ਦੀ ਯੋਜਨਾ ਵਿੱਚ ਨਿਭਾਉਣੀਆਂ ਸਨ।

**ਸੋ ਸੰਝ ਤੇ ਸਵੇਰ ਪਹਿਲਾ ਦਿਨ ਹੋਇਆ।** ਹਰੇਕ ਦਿਨ ਦੀ ਰਚਨਾ ਦੇ ਖਤਮ ਹੋਣ ਤੇ, ਲੇਖਕ ਨੇ ਸਿਲਸਲੇਵਾਰ ਢੰਗ ਨਾਲ ਨਵੇਂ ਦਿਨਾਂ ਨੂੰ ਢੁਕਵੀਂ ਸੰਖਿਆ ਦਿੰਦਿਆਂ ਉਸ ਭਾਵ ਨਾਲ ਪੈਰ੍ਹੇ ਨੂੰ ਬੰਦ ਕੀਤਾ (1:8, 13, 19, 23, 31)। ਇਬਰਾਨੀ ਵਿਚਾਰ ਅਨੁਸਾਰ, ਦਿਨ ਅਨ੍ਹੇਰੇ ਨਾਲ ਸ਼ੁਰੂ ਹੁੰਦਾ ਸੀ (ਵੇਖੋ 1:2) ਜਿਸ ਤੋਂ ਬਾਅਦ ਚਾਨਣ ਦੀ ਰਚਨਾ ਹੋਈ ਸੀ ਅਤੇ ਇਹ ਚਾਨਣ ਤਦ ਤੱਕ ਰਹਿੰਦਾ ਸੀ ਜਦੋਂ ਤੱਕ ਰਾਤ ਨਹੀਂ ਸੀ ਹੋ ਜਾਂਦੀ ਅਤੇ ਫਿਰ ਅਗਲੇ ਦਿਨ ਦੀ ਸ਼ੁਰੂਆਤ ਹੁੰਦੀ ਸੀ।

## ਦਿਨ 2: ਪਾਣੀਆਂ ਨੂੰ ਪਾਣੀਆਂ ਤੋਂ ਵੱਖਰਿਆਂ ਕਰਕੇ ਅੰਬਰ ਬਣਾਇਆ (1:6-8)

**6ਫੇਰ ਪਰਮੇਸ਼ੁਰ ਨੇ ਆਖਿਆ ਕਿ ਪਾਣੀਆਂ ਦੇ ਵਿਚਕਾਰ ਅੰਬਰ ਹੋਵੇ ਅਤੇ ਉਹ ਪਾਣੀਆਂ**

**ਨੂੰ ਪਾਣੀਆਂ ਤੋਂ ਵੱਖਰਿਆਂ ਕਰਨ। [7]ਸੋ ਪਰਮੇਸ਼ੁਰ ਨੇ ਅੰਬਰ ਨੂੰ ਬਣਾਇਆ ਅਤੇ ਅੰਬਰ ਦੇ ਹੇਠਲੇ ਪਾਣੀਆਂ ਨੂੰ ਅੰਬਰ ਦੇ ਉੱਪਰਲੇ ਪਾਣੀਆਂ ਤੋਂ ਵੱਖਰਾ ਕੀਤਾ ਅਤੇ ਓਵੇਂ ਹੀ ਹੋ ਗਿਆ। [8]ਤਾਂ ਪਰਮੇਸ਼ੁਰ ਨੇ ਅੰਬਰ ਨੂੰ ਅਕਾਸ਼ ਆਖਿਆ ਸੋ ਸੰਝ ਤੇ ਸਵੇਰ ਦੂਜਾ ਦਿਨ ਹੋਇਆ।**

**ਆਇਤਾਂ 6-8.** ਜਦੋਂ ਪਰਮੇਸ਼ੁਰ ਫੇਰ ਬੋਲਿਆ, ਨਤੀਜਾ ਇਹ ਹੋਇਆ ਕਿ **ਅੰਬਰ** ਦੀ ਰਚਨਾ ਹੋਈ, ਜਿਸ ਨੇ **ਅੰਬਰ ਦੇ ਹੇਠਲੇ ਪਾਣੀਆਂ ਨੂੰ ਅੰਬਰ ਦੇ ਉੱਪਰਲੇ ਪਾਣੀਆਂ ਤੋਂ ਵੱਖਰਾ ਕੀਤਾ**। ਉਹ ਸ਼ਬਦ ਜਿਸ "ਅੰਬਰ" ਕਰਕੇ ਅਨੁਵਾਦ ਕੀਤਾ ਗਿਆ ਹੈ ਇਬਰਾਨੀ ਭਾਸ਼ਾ ਵਿੱਚ רָקִיעַ (*ਰਾਕੀਆ*) ਹੈ ਅਤੇ ਇਸ ਦੇ ਮੂਲ ਅਰਥ ਦਾ ਸੰਬੰਧ ਉਸ ਦੇ ਨਾਲ ਹੈ ਜਿਹੜਾ "ਫੈਲਿਆ ਹੋਇਆ" ਜਾਂ "ਅੱਗ ਵਿੱਚ ਤਾਉਣ" ਹੈ (ਜਿਵੇਂ ਕਿ ਧਾਤੂ ਦੀਆਂ ਪਲੇਟਾਂ)। ਕੁਝ ਹਵਾਲੇ ਕਿਸੇ ਠੋਸ ਧਾਤੂ ਨੂੰ ਅੱਗ ਵਿੱਚ ਤਾਉਣ ਦੇ ਭਾਵ ਵਿੱਚ ਸੰਬੰਧਤ ਕਿਰਿਆ רָקַע (*ਰਾਕਾ*) ਦੀ ਵਰਤੋਂ ਕਰਦੇ ਹਨ (ਕੂਚ 39:3; ਗਿਣਤੀ 16:39 [17:4]; ਯਸਾਯਾਹ 40:19; ਯਿਰਮਿਯਾਹ 10:9; ਵੇਖੋ ਅੱਯੂਬ 37:18)। ਇਸ ਨੇ ਕੁਝ ਵਿਦਵਾਨਾਂ ਨੂੰ ਰਾਕੀਆ ਦੀ "ਅੰਬਰ, ਜਾਂ 'ਅਕਾਸ਼' ਵਜੋਂ ਵਿਆਖਿਆ ਕਰਨ ਵਿੱਚ ਅਗਵਾਈ ਕੀਤੀ ਜਿਸ ਨੂੰ ਇਬਰਾਨੀਆਂ ਦੁਆਰਾ ਇਸ ਦੇ ਉੱਪਰ ਠੋਸ ਅਤੇ ਸਮਰਥਨ ਕਰਨ ਵਾਲੇ 'ਪਾਣੀ' ਸਮਝਿਆ ਜਾਂਦਾ ਸੀ"[6] (ਵੇਖੋ KJV)।

ਫਿਰ ਵੀ, ਇਹ ਸਪੱਸ਼ਟ ਹੈ ਕਿ ਉਤਪਤ ਦੇ ਲੇਖਕ ਨੇ ਰਾਕੀਆ ਨੂੰ ਇੱਕ ਮਜ਼ਬੂਤ ਗੁੰਬਦ ਜਾਂ ਬੁਰਜ ਨਹੀਂ ਸੀ ਸਮਝਿਆ ਕਿਉਂਕਿ ਉਸ ਨੇ ਪੁਸ਼ਟੀ ਕੀਤੀ ਸੀ ਕਿ **ਪਰਮੇਸ਼ੁਰ ਨੇ ਅੰਬਰ ਨੂੰ ਅਕਾਸ਼ ਆਖਿਆ** (שָׁמַיִם, *ਸ਼ਾਮਾਯਿਮ*) ਜਾਂ "ਅਸਮਾਨ" (NIV)। ਅੱਗੇ ਉਸ ਨੇ ਇਹ ਆਖਿਆ ਕਿ ਸੂਰਜ, ਚੰਦ ਅਤੇ ਤਾਰਿਆਂ ਨੂੰ ਇਸ ਦੇ ਵਿੱਚ ਰੱਖਿਆ ਗਿਆ (1:14-17) ਅਤੇ ਉਸ ਨੇ ਇਸ ਦਾ "ਧਰਤੀ ਤੋਂ ਉਤਾਹਾਂ ਅਕਾਸ਼ ਦੇ ਅੰਬਰ" ਵਜੋਂ ਹਵਾਲਾ ਦਿੱਤਾ ਸੀ ਜਿੱਥੇ ਪੰਛੀ ਉੱਡਦੇ ਹਨ (1:20), ਅਰਥਾਤ, ਵਾਤਾਵਰਣ।[7] ਉਸ ਨੇ ਨਿਸ਼ਚਤ ਤੌਰ ਤੇ ਇਸ ਨੂੰ ਇੱਕ ਮਜ਼ਬੂਤ ਗੁੰਬਦ ਨਹੀਂ ਸੀ ਸਮਝਿਆ ਜੋ ਧਾਤੂ ਜਾਂ ਕੱਚ ਦੀ ਕਿਸੇ ਚੀਜ਼ ਦੇ ਵਿੱਚੋਂ ਬਣਾਇਆ ਜਾਂਦਾ ਹੈ। ਬਲਕਿ, ਉਸ ਨੇ ਅੰਬਰ ਦੀ ਅਨੋਖੇ ਤਰੀਕੇ ਨਾਲ ਵਿਆਖਿਆ ਕੀਤੀ। ਮਨੁੱਖ ਸੂਰਜ ਅਤੇ ਤਾਰਿਆਂ ਨੂੰ ਅੰਬਰਾਂ ਵਿੱਚ ਵੇਖਦਾ ਹੈ, ਪਰ ਇਸ ਦੇ ਨਾਲ-ਨਾਲ, ਪੰਛੀ ਅਸਾਨੀ ਨਾਲ ਇਨ੍ਹਾਂ ਅੰਬਰਾਂ ਵਿੱਚ ਉੱਡਦੇ ਹਨ। ਇਨ੍ਹਾਂ ਆਇਤਾਂ ਵਿੱਚ, ਅੰਬਰ ਸਿਰਫ ਉੱਪਰਲੇ ਪਾਣੀਆਂ (ਜੋ ਬੱਦਲਾਂ ਤੇ ਹਨ) ਅਤੇ ਹੇਠਲੇ ਪਾਣੀਆਂ (ਜੋ ਧਰਤੀ ਤੇ ਹਨ) ਵਿਚਕਾਰ ਇੱਕ ਵਿਭਾਜਕ ਹੈ।

ਅੰਬਰ (ਜਾਂ ਅਕਾਸ਼) ਬਾਰੇ ਬਾਈਬਲ ਦਾ ਦ੍ਰਿਸ਼ਟੀਕੋਣ ਪ੍ਰਾਚੀਨ ਬਾਬਲ ਦੀ ਰਚਨਾ ਦੇ ਵਿਰਤਾਂਤ ਨਾਲੋਂ ਭਿੰਨ ਹੈ। *ਇਨਿਯੁਮਾ ਈਲਿਸ਼* ਅਨੁਸਾਰ, ਮਰਦੂਕ ਦੇਵਤਾ ਦੇ ਸਮੁੰਦਰੀ ਦੇਵੀ ਤਿਆਮਤ ਨੂੰ ਘਾਤ ਕਰਨ ਤੋਂ ਬਾਅਦ, "ਉਸ ਨੇ ਉਹ ਨੂੰ ਸੀਪਦਾਰ ਮੱਛੀ ਦੇ ਵਾਂਗ ਦੋ ਹਿੱਸਿਆਂ ਵਿੱਚ ਚੀਰ ਦਿੱਤਾ।" ਉਸ ਦਾ ਅੱਧਾ ਹਿੱਸਾ ਹੇਠਲੇ ਪਾਣੀਆਂ ਦੇ ਰੂਪ ਵਿੱਚ ਥੱਲੇ ਰਹਿ ਗਿਆ ਅਤੇ ਬਾਕੀ ਦਾ ਅੱਧਾ ਹਿੱਸਾ ਅਕਾਸ਼ਾਂ ਵਿੱਚ ਛੱਤ ਦੇ ਵਾਂਗ ਇੱਕ "ਅਕਾਸ਼" ਬਣ ਗਿਆ। ਫਿਰ ਉਸ ਨੇ ਰੱਖਿਅਕ ਤੈਨਾਤ ਕਰ ਦਿੱਤੇ ਅਤੇ "ਉਸ ਨੇ ਉਨ੍ਹਾਂ ਨੂੰ ਹੁਕਮ ਦਿੱਤਾ ਕਿ ਇਨ੍ਹਾਂ ਪਾਣੀਆਂ ਨੂੰ ਇੱਥੋਂ ਨਾ ਨਿੱਕਲਣ ਦਿਓ।"[8] ਇਸ ਪੁਰਾਣਕ ਕਥਾ ਵਿੱਚ, ਅਕਾਸ਼ ਉਸ ਸਮੱਗਰੀ ਦਾ ਬਣਿਆ ਹੈ ਜੋ ਪਹਿਲਾਂ ਤੋਂ ਹੀ ਮੌਜੂਦ ਸੀ, ਅਰਥਾਤ, ਸਮੁੰਦਰ ਦੇ ਦੁਸ਼ਟ ਦੇਵੀ ਤਿਆਮਤ ਦੇ ਅੱਧੇ ਸਰੀਰ ਤੋਂ। ਮਰਦੂਕ ਨੂੰ ਉਸ ਨੂੰ ਅੰਦਰ ਬੰਦ ਕਰਕੇ ਰੱਖਣਾ ਪਿਆ ਸੀ ਅਤੇ ਉਸ ਨੂੰ ਧਰਤੀ ਤੇ ਉਸ ਦੇ ਵਿਨਾਸ਼ਕਾਰੀ ਪਾਣੀਆਂ ਨੂੰ ਉਲੱਦਣ ਤੋਂ ਬਚਾ ਕੇ ਰੱਖਣ ਦੇ ਲਈ ਰੱਖਿਅਕ ਤੈਨਾਤ ਕਰਨੇ ਪਏ ਸੀ। ਇਸ ਲਈ, ਇਸ ਪੁਰਾਣਕ ਕਥਾ ਵਿੱਚ, ਅਕਾਸ਼ਾਂ ਵਿੱਚ ਪਾਣੀਆਂ ਨੂੰ ਵਿਰੋਧੀ ਦੇਵੀ ਦੇ ਰੂਪ ਵਿੱਚ ਵੇਖਿਆ ਗਿਆ ਸੀ ਜਿਹੜੀ, ਹਾਲਾਂਕਿ ਘਾਤ ਕੀਤੀ ਗਈ ਸੀ, ਪਰ ਫਿਰ ਵੀ ਉਸ ਦੇ

ਵਿਨਾਸ਼ਕਾਰੀ ਤਰੀਕਿਆਂ ਤੋਂ ਧਰਤੀ ਨੂੰ ਸੁਰੱਖਿਅਤ ਰੱਖਣ ਦੇ ਲਈ ਸਦਾ ਉਸ ਨੂੰ ਰੋਕ ਕੇ ਰੱਖਿਆ ਗਿਆ ਸੀ। ਇਹ ਉਤਪਤ ਦੇ ਲੇਖਕ ਜਾਂ ਯਿਸੂ ਦੇ ਦ੍ਰਿਸ਼ਟੀਕੋਣ ਤੋਂ ਇੱਕ ਬਹੁਤ ਹੀ ਵੱਖਰਾ ਦ੍ਰਿਸ਼ਟੀਕੋਣ ਹੈ, ਜਿਨ੍ਹਾਂ ਨੇ ਪਰਮੇਸ਼ੁਰ ਨੂੰ ਇੱਕ ਪ੍ਰੇਮੀ ਸੁਰਗੀ ਪਿਤਾ ਆਖਿਆ ਸੀ ਜਿਹੜਾ "ਧਰਮੀਆਂ ਅਤੇ ਕੁਧਰਮੀਆਂ ਉੱਤੇ ਮੀਂਹ ਵਰਸਾਉਣ" ਦੁਆਰਾ ਮਨੁੱਖਜਾਤੀ ਦੇ ਜੀਵਨਾਂ ਨੂੰ ਬਰਕਤ ਦੇਣ ਦੀ ਇੱਛਾ ਰੱਖਦਾ ਹੈ (ਮੱਤੀ 5:45)।

## ਦਿਨ 3: ਧਰਤੀ, ਪੌਦੇ ਅਤੇ ਬਿਰਛ ਰਚੇ ਗਏ (1:9-13)

**9ਫੇਰ ਪਰਮੇਸ਼ੁਰ ਨੇ ਆਖਿਆ ਕਿ ਅਕਾਸ਼ ਦੇ ਹੇਠਲੇ ਪਾਣੀ ਇੱਕ ਥਾਂ ਇਕੱਠੇ ਹੋ ਜਾਣ ਤਾਂ ਜੋ**
**ਖੁਸ਼ਕੀ ਦਿੱਸ ਪਵੇ ਅਤੇ ਓਵੇਂ ਹੀ ਹੋ ਗਿਆ। 10ਪਰਮੇਸ਼ੁਰ ਨੇ ਖੁਸ਼ਕੀ ਨੂੰ ਧਰਤੀ ਆਖਿਆ ਅਤੇ**
**ਪਾਣੀਆਂ ਦੇ ਇਕੱਠ ਨੂੰ ਸਮੁੰਦਰ ਆਖਿਆ ਅਤੇ ਪਰਮੇਸ਼ੁਰ ਨੇ ਡਿੱਠਾ ਭਈ ਚੰਗਾ ਹੈ। 11ਫੇਰ**
**ਪਰਮੇਸ਼ੁਰ ਨੇ ਆਖਿਆ ਕਿ ਧਰਤੀ ਘਾਹ, ਨਾਲੇ ਬੀ ਵਾਲਾ ਸਾਗ ਪੱਤ ਅਤੇ ਫਲਦਾਰ ਬਿਰਛ**
**ਉਗਾਵੇ ਜਿਹੜੇ ਆਪੋ ਆਪਣੀ ਜਿਨਸ ਦੇ ਅਨੁਸਾਰ ਬੀ ਵਾਲਾ ਫਲ ਧਰਤੀ ਉੱਤੇ ਦੇਣ ਅਤੇ ਓਵੇਂ**
**ਹੀ ਹੋ ਗਿਆ। 12ਸੋ ਧਰਤੀ ਨੇ ਘਾਹ ਤੇ ਬੀ ਵਾਲਾ ਸਾਗ ਪੱਤ ਉਹ ਦੀ ਜਿਨਸ ਦੇ ਅਨੁਸਾਰ ਤੇ**
**ਫਲਦਾਰ ਬਿਰਛ ਜਿਨ੍ਹਾਂ ਦੇ ਵਿੱਚ ਆਪੋ ਆਪਣੀ ਜਿਨਸ ਦੇ ਅਨੁਸਾਰ ਬੀ ਹੈ ਉਗਾਇਆ ਅਤੇ**
**ਪਰਮੇਸ਼ੁਰ ਨੇ ਡਿੱਠਾ ਭਈ ਚੰਗਾ ਹੈ। 13ਸੋ ਸੰਝ ਤੇ ਸਵੇਰ ਤੀਜਾ ਦਿਨ ਹੋਇਆ।**

**ਆਇਤਾਂ 9, 10.** ਕਹਾਣੀ ਦਾ ਲੇਖਕ ਛੇਤੀ ਨਾਲ ਬੱਦਲਾਂ ਵਿੱਚ "ਪਾਣੀਆਂ" ਵੱਲੋਂ ਧਰਤੀ ਦੇ **ਪਾਣੀਆਂ** ਵੱਲ ਚਲਾ ਗਿਆ। ਬੇਸ਼ੱਕ, ਧਰਤੀ ਨੂੰ ਮਨੁੱਖਾਂ ਅਤੇ ਜਾਨਵਰਾਂ ਦਾ ਨਿਵਾਸ ਸਥਾਨ ਬਣਨ ਦੇ ਲਈ ਠਹਿਰਾਇਆ ਗਿਆ ਸੀ (1:24-31); ਫਿਰ ਵੀ, ਇਸ ਤੋਂ ਪਹਿਲਾਂ ਕਿ ਇਹ ਜਾਨਵਰ ਅਤੇ ਮਨੁੱਖੀ ਜੀਵਨ ਦੇ ਲਈ ਵੱਸਣ ਦਾ ਥਾਂ ਬਣਦੀ, **ਖੁਸ਼ਕ ਧਰਤੀ** ਨੂੰ **ਪਾਣੀਆਂ** ਤੋਂ ਵੱਖਰਾ ਕਰਨਾ ਪੈਣਾ ਸੀ। ਪਰਮੇਸ਼ੁਰ ਨੇ ਧਰਤੀ ਤੇ ਰਹਿਣ ਵਾਲਿਆਂ ਦੀ ਹੋਂਦ ਦੇ ਲਈ ਕੁਝ ਹੱਦਾਂ ਦਿੱਤੀਆਂ। ਪਰਮੇਸ਼ੁਰ ਨੇ ਖੁਸ਼ਕ ਜ਼ਮੀਨ ਨੂੰ **ਧਰਤੀ** ਆਖਿਆ ਅਤੇ ਪਾਣੀਆਂ ਦੇ ਇਕੱਠ ਨੂੰ **ਸਮੁੰਦਰ** ਆਖਿਆ। ਫੇਰ, ਪਰਮੇਸ਼ੁਰ ਨੇ ਆਪਣੇ ਕੰਮ ਨੂੰ **ਚੰਗਾ** ਆਖਿਆ।

**ਆਇਤਾਂ 11-13.** ਧਰਤੀ ਤੇ ਰਹਿਣ ਵਾਲੇ ਜਾਨਵਰਾਂ ਅਤੇ ਮਨੁੱਖ ਨੂੰ ਨਾ ਸਿਰਫ ਖੁਸ਼ਕ ਧਰਤੀ ਦੀ ਲੋੜ ਸੀ, ਪਰ ਉਨ੍ਹਾਂ ਨੂੰ ਬਚੇ ਰਹਿਣ ਦੇ ਲਈ ਹਰ ਕਿਸਮ ਦੇ **ਸਾਗ ਪੱਤ** ਦੀ ਵੀ ਲੋੜ ਸੀ। **ਪਰਮੇਸ਼ੁਰ** ਨੇ ਧਰਤੀ ਨੂੰ ਭਰਪੂਰ **ਪੌਦੇ** ਉਗਾਉਣ ਦਾ ਹੁਕਮ ਦਿੱਤਾ। ਇਸ ਉਪਜਾਊ ਸ਼ਕਤੀ ਨੇ ਕੁਦਰਤ ਨੂੰ ਇੱਕ ਦੇਵੀ (ਧਰਤੀ ਮਾਂ) ਨਹੀਂ ਬਣਾਇਆ, ਜਿਵੇਂ ਕਿ ਕੁਝ ਲੋਕਾਂ ਨੇ ਕਿਹਾ ਹੈ। ਧਰਤੀ ਕੋਲ ਆਪਣੇ ਆਪ ਸਾਗ ਪੱਤ ਉਗਾਉਣ ਦੀ ਸ਼ਕਤੀ ਨਹੀਂ ਹੈ; ਬਲਕਿ, ਇਹ ਸਿਰਫ ਪਰਮੇਸ਼ੁਰ ਹੀ ਸੀ ਜਿਸ ਨੇ ਆਪਣੇ ਵਚਨ ਦੀ ਰਚਨਾਤਮਕ ਸ਼ਕਤੀ ਦੁਆਰਾ ਧਰਤੀ ਨੂੰ ਪੇੜ ਪੌਦੇ ਉਗਾਉਣ ਦੇ ਯੋਗ ਬਣਾਇਆ। ਇਹ ਜ਼ਬੂਰ ਲਿਖਣ ਵਾਲੇ ਦੇ ਉਨ੍ਹਾਂ ਸ਼ਬਦਾਂ ਮੁਤਾਬਕ ਹੈ, ਜਿਸ ਨੇ ਜਿਹਾ, "ਤੂੰ ਡੰਗਰਾਂ ਲਈ ਘਾਹ ਅਤੇ ਇਨਸਾਨ ਦੀ ਸੇਵਾ ਲਈ ਸਾਗ ਪੱਤ ਉਗਾਉਂਦਾ ਹੈਂ, ਭਈ ਧਰਤੀ ਵਿੱਚੋਂ ਅਹਾਰ ਕੱਢੇਂ" (ਜ਼ਬੂਰ 104:14)।

ਪਰਮੇਸ਼ੁਰ ਨੇ ਪੌਦਿਆਂ ਦੇ ਜੀਵਨ ਨੂੰ **ਉਨ੍ਹਾਂ ਦੀ ਆਪੋ ਆਪਣੀ ਜਿਨਸ ਦੇ ਅਨੁਸਾਰ** ਨਿਰੰਤਰਤਾ ਅਤੇ ਵਾਧਾ ਪ੍ਰਦਾਨ ਕੀਤਾ, ਤਾਂ ਕਿ ਜਾਨਵਰਾਂ ਅਤੇ ਮਨੁੱਖਾਂ ਦੇ ਲਈ ਭਰਪੂਰ ਭੋਜਨ ਹੋਵੇ। ਇਹ ਪੌਦੇ ਦੇ ਜੀਵਨ ਨੂੰ ਧਰਤੀ ਤੇ ਬਹੁਤ ਸਾਰੇ ਵੱਖ-ਵੱਖ ਵਾਤਾਵਰਣਾਂ ਦੇ ਪ੍ਰਤੀ ਪੂਰਵ ਅਨੁਮਾਨ ਅਤੇ ਅਨੁਕੂਲਤਾ ਵੱਲ ਵੀ ਲੈ ਗਿਆ।

ਬੇਸ਼ੱਕ, ਇਹ ਸਭ ਕੁਝ ਪੂਰਬ ਲਾਗੇ ਪ੍ਰਾਚੀਨ ਦੀਆਂ ਪੁਰਾਣਕ ਕਥਾਵਾਂ ਦੇ ਉਲਟ ਹੈ।

ਉਦਾਹਰਣ ਦੇ ਲਈ, ਕਨਾਨ ਵਿੱਚ ਮੰਨਿਆ ਜਾਂਦਾ ਸੀ ਕਿ ਬਆਲ (ਉਪਜਾਊ ਦੇਵਤਾ) ਸਾਲ ਦੇ ਅੰਤ ਵਿੱਚ ਮੋਟ ("ਮੌਤ" ਦਾ ਦੇਵਤਾ) ਦੇ ਹੱਥੋਂ ਮਾਰਿਆ ਗਿਆ ਸੀ, ਜਿਸ ਦੇ ਕਾਰਣ ਸਾਰੀ ਫਸਲ ਸੁੱਕ ਗਈ ਅਤੇ ਗਰਮੀ ਦੀ ਰੁੱਤ ਦੀ ਵਾਢੀ ਤੋਂ ਬਾਅਦ ਮਰ ਗਈ ਸੀ। ਕਿਹਾ ਜਾਂਦਾ ਹੈ ਕਿ ਫਿਰ ਮੁਰਿਦਆਂ ਦਾ ਦੇਵਤਾ ਬਆਲ ਨੂੰ ਅਥਾਹ ਕੁੰਡ ਵਿੱਚ ਲੈ ਗਿਆ ਸੀ; ਪਰ ਬਸੰਤ ਰੁੱਤ ਵਿੱਚ, ਬਆਲ ਦੀ ਪਤਨੀ, ਅਨਾਥ ਦੇਵੀ ਨੇ ਖੂਨੀ ਯੁੱਧ ਵਿੱਚ ਮੋਟ ਨੂੰ ਜਾਨੋਂ ਮਾਰ ਕੇ ਆਪਣੇ ਪਤੀ ਨੂੰ ਬਚਾਇਆ ਸੀ। ਇਸ ਤੋਂ ਬਾਅਦ, ਬਆਲ ਮੁੜ ਜ਼ਿੰਦਾ ਹੋ ਗਿਆ ਅਤੇ ਅਨਾਥ ਨਾਲ ਵਿਵਾਹਿਕ ਸੰਬੰਧ ਬਣਾਏ ਅਤੇ ਉਨ੍ਹਾਂ ਦੇ ਸੰਭੋਗ ਕਰਨ ਦੇ ਦੁਆਰਾ ਧਰਤੀ ਉਪਜਾਊ ਹੋਈ ਅਤੇ ਇਸ ਤੇ ਨਵੀਂ ਪੈਦਾਵਾਰ ਹੋਣ ਲੱਗੀ ਅਤੇ ਮਨੁੱਖਾਂ ਅਤੇ ਜਾਨਵਰਾਂ ਨੂੰ ਨਵਾਂ ਜੀਵਨ ਮਿਲਿਆ।[9]

ਬਹੁਤ ਸਾਰੇ ਪ੍ਰਾਚੀਨ ਧਰਮਾਂ ਵਿੱਚ ਇਹੋ ਜਿਹੀਆਂ ਪੁਰਾਣਕ ਕਥਾਵਾਂ ਅਤੇ ਉਪਜਾਊਪੁਣੇ ਦੀਆਂ ਰਸਮਾਂ ਸਨ ਜਿਨ੍ਹਾਂ ਵਿੱਚ ਅਰਾਧਕਾਂ ਅਤੇ ਪਵਿੱਤਰ ਵੇਸਵਾਵਾਂ ਵਿਚਕਾਰ ਸੰਭੋਗ ਕਰਨਾ ਸ਼ਾਮਲ ਸੀ (ਵੇਖੋ ਹੋਸ਼ੇਆ 4:11-14)। ਇਹ ਭਰਿਸ਼ਟ ਰੀਤਾਂ ਦੇਵਤਿਆਂ ਨੂੰ ਅਜਿਹੇ ਕੰਮਾਂ ਦਾ ਪਾਲਣ ਕਰਨ ਦੇ ਲਈ ਉਕਸਾਉਣ ਵਾਸਤੇ ਤਿਆਰ ਕੀਤੀਆਂ ਗਈਆਂ ਸਨ ਅਤੇ ਇੰਜ ਕਰਕੇ ਉਹ ਬਹੁਤ ਸਾਰੀ ਫਸਲ ਅਤੇ ਫਲ ਪੈਦਾ ਕਰਦੇ ਸਨ ਅਤੇ ਜਾਨਵਰਾਂ ਅਤੇ ਮਨੁੱਖਾਂ ਦੇ ਵਿੱਚ ਬਹੁਤ ਸਾਰੀ ਸੰਤਾਨ ਵੀ ਪੈਦਾ ਕਰਦੇ ਸਨ। ਅਜਿਹੇ ਭਰਿਸ਼ਟ ਉਪਜਾਊ ਬਿਰਾਤਾਂਤਾਂ ਦੀ ਤੁਲਨਾ ਵਿੱਚ, ਉਤਪਤ ਦੀ ਮੂਲ ਲਿਖਤ ਇਹ ਤਸਦੀਕ ਕਰਦੀ ਹੈ ਕਿ ਸੰਸਾਰ ਦੇ ਪ੍ਰਭੂ ਪਰਮੇਸ਼ੁਰ ਨੇ ਖੁਸ਼ਕ ਜ਼ਮੀਨ ਨੂੰ ਉਜਾਗਰ ਕਰਕੇ ਸਮੁੰਦਰਾਂ ਨੂੰ ਵੱਖ ਕੀਤਾ ਅਤੇ ਉਸ ਨੇ ਹਰ ਕਿਸਮ ਦੀ ਫਸਲ ਅਤੇ **ਫਲ** ਪੈਦਾ ਕਰਨ ਦੇ ਲਈ ਉਪਜਾਊ ਧਰਤੀ (ਪੌਸ਼ਕ ਤੱਤਾਂ ਨਾਲ ਭਰਪੂਰ) ਬਣਾਈ। ਇਸ ਤੋਂ ਇਲਾਵਾ, ਉਸ ਨੇ ਇਹ ਫਰਮਾਨ ਜਾਰੀ ਕੀਤਾ ਕਿ ਧਰਤੀ ਦਾ ਉਪਜਾਊਪਣ ਉਨ੍ਹਾਂ ਵੱਖ-ਵੱਖ ਤਰ੍ਹਾਂ ਦੇ ਬੀਜਾਂ ਦੀ ਪ੍ਰਕਿਰਿਆ ਦੇ ਰਾਹੀਂ ਜਿਨ੍ਹਾਂ ਵਿੱਚ ਜੀਵਨ ਸੀ ਆਪਣੇ ਆਪ ਨੂੰ ਬਣਾਈ ਰੱਖਦਾ ਸੀ - ਅਤੇ ਇਹ ਸਭ ਕੁਝ ਇੱਕੋ ਰਚਨਹਾਰ ਪਰਮੇਸ਼ੁਰ, ਜੀਵਨ ਦੇ ਸੱਚੇ ਪ੍ਰਭੂ ਦੇ ਵੱਲੋਂ ਸੀ। ਅਤੇ ਫਿਰ **ਤੀਜੇ ਦਿਨ** ਦੇ ਅੰਤ ਵਿੱਚ, ਪਰਮੇਸ਼ੁਰ ਨੇ ਉਨ੍ਹਾਂ ਸਭਨਾਂ ਚੀਜ਼ਾਂ ਨੂੰ **ਚੰਗਾ** ਆਖਿਆ ਜੋ ਉਸ ਨੇ ਬਣਾਈਆਂ ਸਨ।

## ਦਿਨ 4: ਸੂਰਜ, ਚੰਦ ਅਤੇ ਤਾਰਿਆਂ ਨੂੰ ਅਕਾਸ਼ ਦੇ ਅੰਬਰ ਵਿੱਚ ਰੱਖਿਆ (1:14-19)

**14ਤਾਂ ਪਰਮੇਸ਼ੁਰ ਨੇ ਆਖਿਆ ਕਿ ਅਕਾਸ਼ ਦੇ ਅੰਬਰ ਵਿੱਚ ਜੋਤਾਂ ਹੋਣ ਤਾਂ ਜੋ ਓਹ ਦਿਨ ਨੂੰ
ਰਾਤ ਤੋਂ ਅੱਡ ਕਰਨ, ਨਾਲੇ ਓਹ ਨਿਸ਼ਾਨਾਂ ਤੇ ਰੁੱਤਾਂ ਤੇ ਦਿਨਾਂ ਤੇ ਵਰਿਹਾਂ ਲਈ ਹੋਣ। 15ਓਹ
ਅਕਾਸ਼ ਦੇ ਅੰਬਰ ਵਿੱਚ ਜੋਤਾਂ ਹੋਣ ਭਈ ਓਹ ਧਰਤੀ ਉੱਤੇ ਚਾਨਣ ਕਰਨ ਅਤੇ ਓਵੇਂ ਹੀ ਹੋ
ਗਿਆ। 16ਸੋ ਪਰਮੇਸ਼ੁਰ ਨੇ ਦੋ ਵੱਡੀਆਂ ਜੋਤਾਂ ਬਣਾਈਆਂ - ਵੱਡੀ ਜੋਤ ਜਿਹੜੀ ਦਿਨ ਉੱਤੇ ਰਾਜ
ਕਰੇ ਅਤੇ ਨਿੱਕੀ ਜੋਤ ਜਿਹੜੀ ਰਾਤ ਉੱਤੇ ਰਾਜ ਕਰੇ ਨਾਲੇ ਉਸ ਨੇ ਤਾਰੇ ਵੀ ਬਣਾਏ। 17ਅਤੇ
ਪਰਮੇਸ਼ੁਰ ਨੇ ਉਨ੍ਹਾਂ ਨੂੰ ਅਕਾਸ਼ ਦੇ ਅੰਬਰ ਵਿੱਚ ਰੱਖਿਆ ਭਈ ਧਰਤੀ ਉੱਤੇ ਚਾਨਣ ਕਰਨ।
18ਅਤੇ ਦਿਨ ਅਰ ਰਾਤ ਉੱਤੇ ਰਾਜ ਕਰਨ ਅਤੇ ਚਾਨਣ ਨੂੰ ਅਨ੍ਹੇਰੇ ਤੋਂ ਅੱਡ ਕਰਨ। ਤਾਂ
ਪਰਮੇਸ਼ੁਰ ਨੇ ਡਿੱਠਾ ਭਈ ਚੰਗਾ ਹੈ। 19ਸੋ ਸੰਝ ਤੇ ਸਵੇਰ ਚੌਥਾ ਦਿਨ ਹੋਇਆ।**

**ਆਇਤਾਂ 14, 15.** ਇਸ ਅਧਿਆਇ ਵਿੱਚ ਮਨੁੱਖ ਦੀ ਰਚਨਾ ਤੋਂ ਇਲਾਵਾ ਅਕਾਸ਼ ਮੰਡਲ - ਸੂਰਜ, ਚੰਦ ਅਤੇ ਤਾਰਿਆਂ - ਦੀ ਰਚਨਾ ਦਾ ਵਰਣਨ ਸਭ ਤੋਂ ਜ਼ਿਆਦਾ ਕੀਤਾ ਗਿਆ ਹੈ ਅਤੇ ਵਿਰਤਾਂਤ ਨੂੰ ਦੁਹਰਾਇਆ ਗਿਆ ਹੈ। ਚੌਥੇ ਦਿਨ ਦੇ ਵਰਣਨ ਨੂੰ ਜਿੰਨਾ ਥਾਂ ਦਿੱਤਾ ਗਿਆ ਹੈ ਉਹ

ਉਸ ਵੱਡੇ ਮਹੱਤਵ ਦੇ ਕਾਰਣ ਹੋ ਸਕਦਾ ਹੈ ਜੋ ਪ੍ਰਚੀਨ ਸੰਸਾਰ ਵਿੱਚ ਲੋਕਾਂ ਦੇ ਵਿਚਾਰ ਵਿੱਚ ਅਕਾਸ਼ ਮੰਡਲ ਦੇ ਬਾਰੇ ਸੀ। ਮਸੋਪੋਤਾਮੀਆ, ਫਲਿਸਤੀਨ ਅਤੇ ਮਿਸਰ ਵਿੱਚ, ਸੂਰਜ, ਚੰਦ ਅਤੇ ਤਾਰਿਆਂ ਨੂੰ ਦੇਵਤਿਆਂ ਦੇ ਵਾਂਗ ਪੂਜਿਆ ਜਾਂਦਾ ਸੀ ਜਿਨ੍ਹਾਂ ਦਾ ਮਨੁੱਖਾਂ ਅਤੇ ਕੌਮਾਂ ਦੇ ਰੋਜ਼ਾਨਾ ਦੇ ਜੀਵਨਾਂ ਅਤੇ ਤਕਦੀਰਾਂ ਤੇ ਵੱਸ ਸੀ।

ਫਿਰ ਵੀ, ਉਤਪਤ ਦੇ ਲੇਖਕ ਨੇ ਉਨ੍ਹਾਂ ਦਾ **ਜੋਤਾਂ** ਵਜੋਂ ਹਵਾਲਾ ਦਿੱਤਾ ਸੀ ਜੋ ਪਰਮੇਸ਼ੁਰ ਦੁਆਰਾ ਤਿੰਨ ਕੰਮ ਕਰਨ ਦੇ ਲਈ ਬਣਾਈਆਂ ਗਈਆਂ ਸਨ: (1) ਉਨ੍ਹਾਂ ਨੇ **ਦਿਨ ਨੂੰ ਰਾਤ ਤੋਂ ਅੱਡ ਕਰਨਾ** ਸੀ। (2) ਉਨ੍ਹਾਂ ਨੇ ਉਹ **ਨਿਸ਼ਾਨ** ਬਣਨਾ ਸੀ ਜੋ **ਰੁੱਤਾਂ**, **ਦਿਨਾਂ** ਅਤੇ **ਵਰਿਹਾਂ** ਦੇ ਵੱਲ ਇਸ਼ਾਰਾ ਕਰਦੇ ਸਨ। (3) ਉਨ੍ਹਾਂ ਨੇ **ਧਰਤੀ ਉੱਤੇ ਚਾਨਣ ਕਰਨਾ** ਸੀ। ਉਸ ਧਾਰਮਿਕ ਸ਼ਰਧਾ ਨੂੰ ਮੱਦੇ ਨਜ਼ਰ ਰੱਖਦੇ ਹੋਏ ਜੋ ਪ੍ਰਾਚੀਨ ਲੋਕ ਸੂਰਜ, ਚੰਦ ਅਤੇ ਤਾਰਿਆਂ ਨੂੰ ਦਿੰਦੇ ਸਨ, ਬਾਈਬਲ ਦਾ ਵਿਰਤਾਂਤ ਸਪੱਸ਼ਟ ਰੂਪ ਵਿੱਚ ਦੱਸਦਾ ਹੈ ਕਿ ਉਹ ਦੇਵਤੇ ਨਹੀਂ ਹਨ, ਨਾ ਹੀ ਉਹ ਸੁਤੰਤਰ ਦੇਹੀਆਂ ਹਨ। ਨਾ ਹੀ ਉਹ ਸਦੀਪਕ ਹਨ; ਇਸ ਦੇ ਉਲਟ, ਇਹ ਉਹ ਹਸਤੀਆਂ ਹਨ ਜਿਨ੍ਹਾਂ ਨੂੰ ਪਰਮੇਸ਼ੁਰ ਨੇ ਬਣਾਇਆ ਹੈ - ਸੇਵਾ ਕਰਵਾਉਣ ਦੇ ਲਈ ਨਹੀਂ, ਪਰ ਸੇਵਾ ਕਰਨ ਦੇ ਲਈ, ਉਸ ਦੀ ਇੱਛਾ ਨੂੰ ਪੂਰਾ ਕਰਦਿਆਂ ਜਿਸ ਨੇ ਉਨ੍ਹਾਂ ਨੂੰ ਬਣਾਇਆ ਹੈ (ਵੇਖੋ ਜ਼ਬੂਰ 104:19-23)।

**ਆਇਤਾਂ 16-19.** ਇਹ ਤੱਥ ਕਿ ਲੇਖਕ ਉਨ੍ਹਾਂ ਸਮਕਾਲੀਨ ਵਿਚਾਰਾਂ ਦੇ ਸੰਦਰਭ ਵਿੱਚ ਲਿਖ ਰਿਹਾ ਸੀ ਜੋ ਅਕਾਸ਼ ਮੰਡਲ ਵਿੱਚ ਸੂਰਜ, ਚੰਦ ਅਤੇ ਤਾਰਿਆਂ ਦਾ ਵਿਰੋਧ ਕਰਦੇ ਸਨ ਇਨ੍ਹਾਂ ਆਇਤਾਂ ਵਿੱਚ ਸ਼ਬਦਾਵਲੀ ਦੀ ਉਸ ਦੀ ਚੋਣ ਦੁਆਰਾ ਸਪੱਸ਼ਟ ਹੈ। ਪਹਿਲੀ ਗੱਲ ਇਹ ਹੈ ਕਿ ਸੂਰਜ ਘੱਮ਼ੂਘ਼ੂੰ (*ਸ਼ੇਮੇਸ਼*) ਦੇ ਲਈ ਸਧਾਰਣ ਸ਼ਬਦ ਦੀ ਬਜਾਇ ਅਸਧਾਰਣ ਭਾਵ, **ਵੱਡੀ ਜੋਤ** ਨੂੰ ਚੁਣਿਆ। ਦੂਜੀ ਗੱਲ, ਉਸ ਨੇ ਚੰਦਰਮਾ ਹ੍ਰੇ੍ਰ (*ਯਾਰੀਚ*) ਦੇ ਲਈ ਸਧਾਰਣ ਸ਼ਬਦ ਦੀ ਬਜਾਇ **ਨਿੱਕੀ ਜੋਤ** ਸ਼ਬਦ ਲਿਖਿਆ। ਸ਼ਾਇਦ, ਉਸ ਨੇ "ਸੂਰਜ" ਅਤੇ "ਚੰਦਰਮਾ" ਦੇ ਲਈ ਆਮ ਸ਼ਬਦਾਂ ਦੀ ਬਜਾਇ ਇਨ੍ਹਾਂ ਸ਼ਬਦਾਂ ਨੂੰ ਚੁਣਿਆ ਸੀ ਕਿਉਂਕਿ ਯਹੂਦੀ ਭਾਸ਼ਾਵਾਂ ਵਿੱਚ, ਇਹ ਸ਼ਬਦ ਦੇਵਤਿਆਂ ਦੇ ਨਾਮ ਸਨ। ਬੈਤ ਸ਼ਮਸ਼ ਅਤੇ ਯਰੀਹੋ ਵਰਗੇ ਕੁਝ ਕਨਾਨੀ ਸ਼ਹਿਰਾਂ ਨੇ ਉਨ੍ਹਾਂ ਦੇ ਨਾਵਾਂ ਵਿੱਚ ਉਨ੍ਹਾਂ ਦਾ ਗੈਰ-ਯਹੂਦੀ ਮਹੱਤਵ ਬਣਾਈ ਰੱਖਿਆ ਸੀ।[10]

ਹਾਲਾਂਕਿ ਇਨ੍ਹਾਂ ਵਿੱਚੋਂ ਕੁਝ ਗੈਰ-ਯਹੂਦੀ ਨਾਮ ਆਉਣ ਵਾਲੀਆਂ ਕਈ ਸਦੀਆਂ ਤੱਕ ਵਾਅਦੇ ਦੇ ਧਰਤੀ ਤੇ ਬਚੇ ਰਹਿਣਗੇ, ਉਤਪਤ ਦਾ ਲੇਖਕ ਆਪਣੇ ਲੋਕਾਂ ਨੂੰ ਇਹ ਯਾਦ ਕਰਾਉਣਾ ਚਾਹੁੰਦਾ ਸੀ ਕਿ ਉਨ੍ਹਾਂ ਦੀ ਤਕਦੀਰ ਦੇ ਉੱਤਰ ਸੂਰਜ, ਚੰਦ, ਜਾਂ **ਤਾਰਿਆਂ** ਵਿੱਚ ਨਹੀਂ ਸਨ, ਪਰ ਇੱਕੋ ਸੱਚੇ ਪਰਮੇਸ਼ੁਰ ਵਿੱਚ ਸਨ ਜਿਸ ਨੇ ਸਾਰੀਆਂ ਚੀਜ਼ਾਂ ਬਣਾਈਆਂ ਸਨ। ਸੂਰਜ, ਚੰਦ ਅਤੇ ਤਾਰੇ ਸਿਰਫ ਇਸ ਭਾਵ ਵਿੱਚ ਅਕਾਸ਼ ਤੇ ਰਾਜ ("ਹਕੂਮਤ" ਜਾਂ "ਸ਼ਾਸਨ"; KJV; ASV) ਕਰਦੇ ਸਨ ਕਿ ਉਹ **ਦਿਨ** ਅਰ **ਰਾਤ** ਤੇ ਪ੍ਰਭੂਤਾ ਕਰਨ ਅਤੇ ਨਿਸ਼ਚਤ ਰੁੱਤਾਂ (ਦਿਨਾਂ ਅਤੇ ਰਾਤਾਂ) ਦੇ ਲਈ ਚਿੰਨ੍ਹਾਂ ਦਾ ਕੰਮ ਕਰਨ। ਪ੍ਰਾਚੀਨ ਲੋਕਾਂ ਨੇ ਸੂਰਜ, ਚੰਦ ਅਤੇ ਤਾਰਿਆਂ ਦੀ ਪੂਜਾ ਨਹੀਂ ਸੀ ਕਰਨੀ; ਬਲਕਿ, ਉਹ ਸਿਰਫ ਰਚਨਾ ਦਾ ਹਿੱਸਾ ਸਨ ਜੋ ਕਿ ਰਚਨਹਾਰ ਦੀ ਮਹਿਮਾ ਦੀ ਗਵਾਹੀ ਦਿੰਦੇ ਸਨ (ਜ਼ਬੂਰ 19:1-6)।

ਪਿਛਲੇ ਦਿਨਾਂ ਤੇ ਪਰਮੇਸ਼ੁਰ ਦੀ ਰਚਨਾ ਬਾਰੇ ਕਥਨਾਂ ਨੂੰ ਧਿਆਨ ਵਿੱਚ ਰੱਖਦੇ ਹੋਏ, ਮੂਲ ਲਿਖਤ ਵਰਣਨ ਕਰਦੀ ਹੈ ਕਿ **ਚੌਥੇ ਦਿਨ** ਜੋ ਰਚਿਆ ਗਿਆ ਸੀ **ਚੰਗਾ** ਸੀ। ਚੌਥੇ ਦਿਨ ਸੂਰਜ, ਚੰਦ ਅਤੇ ਤਾਰਿਆਂ (ਰੌਸ਼ਨੀ ਦੇਣ ਵਾਲੇ) ਦੀ ਰਚਨਾ ਪਹਿਲੇ ਦਿਨ ਚਾਨਣ ਦੀ ਰਚਨਾ ਅਤੇ ਇਸ ਚਾਨਣ ਦੇ ਅਨ੍ਹੇਰੇ ਤੋਂ ਵੱਖ ਕਰਨ ਦੇ ਅਨੁਰੂਪ ਹੈ।

# ਦਿਨ 5: ਪਾਣੀ ਅਤੇ ਅਕਾਸ਼ ਸਮੁੰਦਰੀ ਪ੍ਰਾਣੀਆਂ ਅਤੇ ਪੰਛੀਆਂ ਨਾਲ ਭਰ ਗਏ (1:20-23)

**20ਫੇਰ ਪਰਮੇਸ਼ੁਰ ਨੇ ਆਖਿਆ ਕਿ ਪਾਣੀ ਢੇਰ ਸਾਰੇ ਜੀਉਂਦੇ ਪ੍ਰਾਣੀਆਂ ਨਾਲ ਭਰ ਜਾਣ ਅਤੇ ਪੰਛੀ ਧਰਤੀ ਤੋਂ ਉਤਾਹਾਂ ਅਕਾਸ਼ ਦੇ ਅੰਬਰ ਵਿੱਚ ਉੱਡਣ। 21ਪਰਮੇਸ਼ੁਰ ਨੇ ਵੱਡੇ ਵੱਡੇ ਜਲ ਜੰਤੂਆਂ ਨੂੰ ਅਤੇ ਸਾਰੇ ਚੱਲਣ ਵਾਲੇ ਜੀਉਂਦੇ ਪ੍ਰਾਣੀਆਂ ਨੂੰ ਜਿਨ੍ਹਾਂ ਦੇ ਨਾਲ ਉਨ੍ਹਾਂ ਦੀ ਜਿਨਸ ਅਨੁਸਾਰ ਪਾਣੀ ਭਰ ਗਏ ਉਤਪਤ ਕੀਤਾ, ਨਾਲੇ ਸਾਰੇ ਪੰਖ ਪੰਛੀਆਂ ਨੂੰ ਵੀ ਉਨ੍ਹਾਂ ਦੀ ਜਿਨਸ ਦੇ ਅਨੁਸਾਰ ਅਤੇ ਪਰਮੇਸ਼ੁਰ ਨੇ ਡਿੱਠਾ ਭਈ ਚੰਗਾ ਹੈ। 22ਤਾਂ ਪਰਮੇਸ਼ੁਰ ਨੇ ਇਹ ਆਖਕੇ ਉਨ੍ਹਾਂ ਨੂੰ ਅਸੀਸ ਦਿੱਤੀ ਭਈ ਫਲੋ ਤੇ ਵਧੋ ਤੇ ਸਮੁੰਦਰਾਂ ਦੇ ਪਾਣੀਆਂ ਨੂੰ ਭਰ ਦਿਓ ਅਤੇ ਪੰਛੀ ਧਰਤੀ ਉੱਤੇ ਵਧਣ। 23ਸੋ ਸੰਝ ਤੇ ਸਵੇਰ ਪੰਜਵਾਂ ਦਿਨ ਹੋਇਆ।**

**ਆਇਤ 20.** ਦੂਜੇ ਅਤੇ ਪੰਜਵੇਂ ਦਿਨ ਵਿੱਚ ਵਿਚਕਾਰ ਜੋ ਸੰਬੰਧ ਹੈ ਉਹ ਧਿਆਨ ਦੇਣ ਯੋਗ ਹੈ। ਦੂਜੇ ਦਿਨ, ਪਰਮੇਸ਼ੁਰ ਨੇ ਵੱਖ-ਵੱਖ ਤਰ੍ਹਾਂ ਦੇ ਪ੍ਰਾਣੀਆਂ ਨੂੰ ਉਚਿਤ ਨਿਵਾਸ ਸਥਾਨ ਅਤੇ ਵਾਤਾਵਰਣ ਪ੍ਰਦਾਨ ਕਰਨ ਦੇ ਲਈ ਉੱਪਰਲੇ ਅਤੇ ਹੇਠਲੇ ਪਾਣੀਆਂ ਨੂੰ ਅੱਡ ਕਰਕੇ ਅੰਬਰ ਬਣਾ ਦਿੱਤਾ। ਫਿਰ, ਪੰਜਵੇਂ ਦਿਨ, ਉਸ ਨੇ ਪੰਛੀਆਂ ਨੂੰ ਜਿਹੜੇ ਅਕਾਸ਼ (**ਅੰਬਰ**) ਵਿੱਚ ਰਹਿਣਗੇ ਅਤੇ ਜਲ ਜੰਤੂਆਂ ਨੂੰ ਜਿਹੜੇ ਸਾਗਰਾਂ, ਸਮੁੰਦਰਾਂ ਅਤੇ ਨਦੀਆਂ (ਹੇਠਲੇ **ਪਾਣੀ**) ਵਿੱਚ ਰਹਿਣਗੇ ਬਣਾਇਆ।

ਵਿਰਤਾਂਤ ਦੱਸਦਾ ਹੈ ਕਿ ਪਾਣੀਆਂ **ਨੇ ਢੇਰ ਸਾਰੇ ਜੀਉਂਦੇ ਪ੍ਰਾਣੀਆਂ ਨਾਲ ਭਰਨਾ** ਸੀ। "ਭਰਨਾ" (שָׁרַץ, *ਸ਼ਰੈਟਸ*) ਇਸ ਦੇ ਸੰਬੰਧੀ ਨਾਂਵ - ਇੱਕ ਸਮੂਹਿਕ ਨਾਂਵ - ਨਾਲ ਵਰਤਿਆ ਗਿਆ ਹੈ ਜਿਸ ਦਾ ਅਰਥ ਹੈ "ਝੁੰਡ" (שֶׁרֶץ, *ਸ਼ਰੇਟਸ*), ਜਿਸ ਦਾ ਇੱਥੇ ਅਰਥ ਹੈ "ਝੁੰਡ ਬਣਾਉਣ ਵਾਲੇ।"[11] ਵਿਸ਼ੇਸ਼ ਰੂਪ ਵਿੱਚ, ਸ਼ਰੇਟਸ ਉਨ੍ਹਾਂ ਪ੍ਰਾਣੀਆਂ ਦਾ ਹਵਾਲਾ ਦਿੰਦੇ ਹੈ ਜਿਹੜੇ ਤੇਜ਼ ਚੱਲਦੇ ਹਨ, ਜਿਵੇਂ ਕਿ ਕੀੜੇ ਮਕੌੜੇ, ਚੂਹੇ, ਛੋਟੇ-ਛੋਟੇ ਸੱਪ ਅਤੇ ਕਿਰਲੀਆਂ। ਇਸ ਸੰਦਰਭ ਵਿੱਚ, ਇਹ ਸ਼ਬਦ ਆਮ ਤੌਰ ਤੇ ਜਲ ਜੰਤੂਆਂ ਦਾ ਹਵਾਲਾ ਦਿੰਦਾ ਹੈ ਅਤੇ ਇਸ ਵਿੱਚ ਆਇਤ 21 "ਵੱਡੇ-ਵੱਡੇ ਜਲ ਜੰਤ" ਵੀ ਸ਼ਾਮਲ ਕੀਤੇ ਜਾ ਸਕਦੇ ਹਨ।

"ਜੀਉਂਦੇ ਪ੍ਰਾਣੀ" (נֶפֶשׁ חַיָּה, *ਨੇਪੇਸ਼ ਛਯਾਹ*) "ਝੁੰਡ" ਦੇ ਵਿਰੋਧ ਵਿੱਚ ਹੈ। ਇਹ ਵਾਕ ਵਿਸਤਰਤ ਹੈ; ਇਹ 1:20, 21 ਵਿੱਚ ਪਾਣੀ ਵਾਲੇ ਜੰਤੂਆਂ, 1:24 ਵਿੱਚ ਧਰਤੀ ਤੇ ਰਹਿਣ ਵਾਲੇ ਜਾਨਵਰਾਂ, 9:10 ਵਿੱਚ ਪੰਛੀਆਂ ਅਤੇ ਧਰਤੀ ਤੇ ਰਹਿਣ ਵਾਲੇ ਜਾਨਵਰਾਂ, 2:7 ਵਿੱਚ ਮਨੁੱਖ ਅਤੇ 9:16 ਵਿੱਚ ਜਾਨਵਰਾਂ ਤੇ ਲਾਗੂ ਹੁੰਦਾ ਹੈ। ਇਹ ਸਾਰੇ ਜੀਉਂਦੇ ਪ੍ਰਾਣੀਆਂ ਦਾ ਹਵਾਲਾ ਦਿੰਦਾ ਹੈ ਜਿਨ੍ਹਾਂ ਵਿੱਚ ਜੀਵਨ ਦਾ ਸਾਹ ਹੈ (2:7 ਤੇ ਟਿੱਪਣੀਆਂ ਵੇਖੋ)।

**ਆਇਤਾਂ 21-23.** *ਬਾਰਾ* ("ਉਤਪਤ ਕਰਨਾ") ਸ਼ਬਦ ਆਧਿਆਇ ਵਿੱਚ 1 ਆਇਤ ਤੋਂ ਲੈ ਕੇ ਹੁਣ ਤੱਕ ਨਹੀਂ ਸੀ ਵੇਖਿਆ ਗਿਆ, ਪਰ 21 ਆਇਤ ਵਿੱਚ ਆ ਕੇ ਇਹ ਸ਼ਬਦ ਮਿਲਦਾ ਹੈ, ਜਿਸ ਦੇ ਵਿੱਚ ਤਿੰਨ ਮੁੱਖ ਕਿਸਮ ਦੇ ਜਾਨਵਰਾਂ ਬਾਰੇ ਦੱਸਿਆ ਗਿਆ ਜਿਨ੍ਹਾਂ ਨੂੰ ਪਰਮੇਸ਼ੁਰ ਨੇ **ਉਤਪਤ ਕੀਤਾ**। ਉੱਥੇ ਛੋਟੀਆਂ-ਛੋਟੀਆਂ ਮੱਛੀਆਂ ਸਨ ਜੋ ਪਾਣੀਆਂ ਵਿੱਚ ਤੈਰਦੀਆਂ ਸਨ ਅਤੇ ਉਹ **ਪ੍ਰਾਣੀ** [ਆਂ] ਸਨ ਜਿਹੜੇ ਸਮੁੰਦਰ ਦੀ ਸਤਹ ਤੇ ਰੇਂਗਦੇ ਸਨ। ਫਿਰ ਉੱਥੇ **ਪੰਛੀ**[ਆਂ] ਸਨ ਜਿਹੜੇ ਅਕਾਸ਼ ਵਿੱਚ ਉੱਡਦੇ ਸਨ। ਅੰਤ ਵਿੱਚ, ਤੀਜਾ ਸਮੂਹ ਸੀ, ਲੇਖਕ ਨੇ ਵਿਸ਼ੇਸ਼ ਰੂਪ ਵਿੱਚ **ਵੱਡੇ ਵੱਡੇ ਜਲ ਜੰਤੂਆਂ** (הַתַּנִּינִם הַגְּדֹלִים, *ਹਾਥਾਥਾਨਿਨਿਮ ਹਗਡੋਲਿਮ*) ਦਾ ਹਵਾਲਾ ਦਿੱਤਾ ਸੀ।

ਇਬਰਾਨੀ ਸ਼ਬਦ ਜਿਸ ਤੋਂ "ਵੱਡੇ ਵੱਡੇ ਜਲ ਜੰਤੂਆਂ" ਸ਼ਬਦ ਦਾ ਅਨੁਵਾਦ ਕੀਤਾ ਗਿਆ ਹੈ

ਉਸ ਦੇ ਲਈ ਜਿਹੜਾ ਮੂਲ ਸ਼ਬਦ ਵਰਤਿਆ ਗਿਆ ਹੈ ਉਹ ਹੈ תַּנִּין (*ਥਾਨਿਨ*), ਜਿਸ ਦਾ ਅਰਥ "ਸੱਪ" ਜਾਂ "ਅਜਗਰ"[12] ਵੀ ਹੁੰਦਾ ਹੈ ਅਤੇ ਇਹ ਇੱਕ ਸਰਾਲ ਅਰਥਾਤ ਸੱਪ (ਕੂਚ 7:9), ਇੱਕ ਮਗਰਮੱਛ (ਹਿਜ਼ਕੀਏਲ 29:3), ਜਾਂ ਕਿਸੇ ਹੋਰ ਕਿਸਮ ਦੇ ਸ਼ਕਤੀਸ਼ਾਲੀ ਜੀਉਂਦੇ ਪ੍ਰਾਣੀ (ਯਿਰਮਿਯਾਹ 51:34) ਦਾ ਹਵਾਲਾ ਦੇ ਸਕਦਾ ਹੈ। ਇਹ ਪ੍ਰਤੀਕਾਤਮਕ ਰੂਪ ਵਿੱਚ ਕਾਵਿਆਤਮਕ ਜਾਂ ਨਬੂਵਤੀ ਸਾਹਿਤ ਵਿੱਚ ਵੀ ਵਰਤਿਆ ਗਿਆ ਹੈ ਜੋ ਕਿ ਪਰਮੇਸ਼ੁਰ ਦੇ ਦੁਸ਼ਮਣਾਂ ਤੇ ਉਸ ਦੀ ਜਿੱਤ ਦਾ ਵਰਣਨ ਕਰਦਾ ਹੈ (ਅੱਯੂਬ 7:12; ਜ਼ਬੂਰ 74:13; ਯਸਾਯਾਹ 27:1; 51:9)। ਰਚਨਾ ਦੇ ਵਿਰਤਾਂਤ ਵਿੱਚ, ਲੇਖਕ ਇਸ ਨੂੰ ਦੂਜੇ ਭਾਵ ਵਿੱਚ ਨਹੀਂ ਸੀ ਵਰਤ ਰਿਹਾ, ਪਰ ਪਾਣੀ ਵਾਲੇ ਅਸਲੀ ਜੀਵ ਜੰਤੂਆਂ ਦੇ ਭਾਵ ਵਿੱਚ ਵਰਤ ਰਿਹਾ ਸੀ ਜਿਵੇਂ ਕਿ ਵਹੇਲ ਮੱਛੀ, ਦਰਿਆਈ ਘੋੜਾ, ਮਗਰਮੱਛ ਅਤੇ ਹੋਰ ਵੱਡੇ-ਵੱਡੇ ਜਾਨਵਰ ਜੋ ਸਮੁੰਦਰ ਵਿੱਚ ਜਾਂ ਸਮੁੰਦਰ ਦੇ ਨੇੜੇ ਪਾਏ ਜਾਂਦੇ ਹਨ।

*ਥਾਨਿਨਿਮ* ("ਵੱਡੇ ਵੱਡੇ ਜਲ ਜੰਤੂ") ਉਹ ਦੁਸ਼ਮਣ ਨਹੀਂ ਸਨ ਜਿਨ੍ਹਾਂ ਨੂੰ ਪਰਮੇਸ਼ੁਰ ਨੂੰ ਹਰਾਉਣਾ ਪੈਣਾ ਸੀ, ਜਿਵੇਂ ਕਿ ਗੈਰ-ਯਹੂਦੀ ਪੁਰਾਣਕ ਕਥਾਵਾਂ ਵਿੱਚ ਹੈ, ਉਹ ਪਰਮੇਸ਼ੁਰ ਦੀ ਰਚਨਾ ਦਾ ਹਿੱਸਾ ਸਨ ਅਤੇ ਉਨ੍ਹਾਂ ਨੂੰ **ਚੰਗਾ** ਆਖਿਆ ਗਿਆ ਸੀ। ਦੂਜੇ ਜਾਨਵਰਾਂ ਦੇ ਵਾਂਗ, ਉਨ੍ਹਾਂ ਨੂੰ ਵਧਣ ਫੁੱਲਣ ਦੀਆਂ ਸ਼ਕਤੀਆਂ ਦੀ **ਅਸੀਸ ਦਿੱਤੀ** ਗਈ ਸੀ ਜਿਨ੍ਹਾਂ ਨੇ ਉਨ੍ਹਾਂ ਨੂੰ **ਫਲਣ ਤੇ ਵਧਣ ਤੇ ਸਮੁੰਦਰਾਂ ਤੇ ਪਾਣੀਆਂ ਨੂੰ ਭਰਨ** ਦੇ ਯੋਗ ਬਣਾਇਆ ਸੀ। ਜਦੋਂ **ਪੰਜਵਾਂ ਦਿਨ** ਖਤਮ ਹੋਇਆ, "ਅਸੀਸ" ਦੀ ਧਾਰਣਾ ਨੂੰ ਮੁੱਖ ਅਧਿਆਤਮਕ ਵਿਸ਼ਿਆਂ ਵਿੱਚੋਂ ਇੱਕ ਵਿਸ਼ੇ ਦੇ ਰੂਪ ਵਿੱਚ ਪੇਸ਼ ਕੀਤਾ ਗਿਆ ਜੋ ਉਤਪਤ ਦੀ ਬਾਕੀ ਬਚੀ ਪੁਸਤਕ ਵਿੱਚ ਚੱਲਦਾ ਰਹਿੰਦਾ ਹੈ। ਇਸ ਪੁਸਤਕ ਦਾ ਵਰਣਨ ਅਕਸਰ ਉਸ ਪੁਸਤਕ ਵਜੋਂ ਕੀਤਾ ਜਾਂਦਾ ਹੈ ਜੋ ਪਰਮੇਸ਼ੁਰ ਦੁਆਰਾ ਆਪਣੇ ਪ੍ਰਾਣੀਆਂ ਨੂੰ ਅਸੀਸ ਦੇਣ ਦੇ ਵਾਅਦਿਆਂ ਨਾਲ ਭਰੀ ਇੱਕ ਕਹਾਣੀ ਹੈ।

## ਦਿਨ 6: ਜਾਨਵਰਾਂ ਅਤੇ ਮਨੁੱਖ ਨੂੰ ਰਚਿਆ ਗਿਆ (1:24-31)

ਇੱਥੇ ਆ ਕੇ, ਰਚਨਾ ਦੇ ਆਖ਼ਰੀ ਦਿਨ ਦਾ ਵਰਣਨ ਪੇਸ਼ ਕੀਤਾ ਗਿਆ ਹੈ। ਪਿਛਲੇ ਪੰਜ ਦਿਨਾਂ ਨਾਲੋਂ ਛੇਵੇਂ ਦਿਨ ਬਾਰੇ ਜ਼ਿਆਦਾ ਵੇਰਵਾ ਦਿੱਤਾ ਗਿਆ ਹੈ ਕਿਉਂਕਿ ਪਰਮੇਸ਼ੁਰ ਦੇ ਸ਼ਕਤੀਸ਼ਾਲੀ ਕੰਮ ਧਰਤੀ ਦੇ ਜਾਨਵਰਾਂ ਅਤੇ ਮਨੁੱਖੀ ਜੀਵਨ ਦੀ ਰਚਨਾ ਵਿੱਚ ਆਪਣੀ ਚਰਮ ਸੀਮਾ ਤੇ ਪਹੁੰਚ ਗਏ ਸਨ। ਤੀਜੇ ਦਿਨ, ਖੁਸ਼ਕ ਧਰਤੀ ਅਤੇ ਹਰ ਤਰ੍ਹਾਂ ਦਾ ਸਾਗ ਪੱਤ ਦਿਖਾਈ ਦਿੱਤਾ, ਇਸ ਲਈ ਛੇਵਾਂ ਦਿਨ ਧਰਤੀ ਨੂੰ ਭਰਨ ਦੇ ਲਈ ਜਾਨਵਰਾਂ (1:24, 25) ਅਤੇ ਮਨੁੱਖ (1:26-28) ਦੀ ਰਚਨਾ ਦੇ ਅਨੁਰੂਪ ਹੈ। ਇਸ ਤੋਂ ਇਲਾਵਾ, ਇੱਕ ਕਿਰਪਾਲੂ ਤੋਹਫ਼ੇ ਦੇ ਰੂਪ ਵਿੱਚ, ਪਰਮੇਸ਼ੁਰ ਨੇ ਫਸਲ ਨੂੰ ਠਹਿਰਾਇਆ ਜਿਸ ਦੇ ਨਾਲ ਸੱਗ ਪੱਤ ਹੋਵੇਗਾ ਜਿਸ ਤੋਂ ਉਨ੍ਹਾਂ ਨੂੰ ਸੰਭਾਲਣ ਦੇ ਲਈ ਭੋਜਨ ਤਿਆਰ ਹੋਵੇਗਾ (1:29, 30)। ਇਹ ਭਾਗ, ਪਹਿਲੇ ਅਧਿਆਇ ਦੇ ਨਾਲ, ਇਹ ਸਿੱਟਾ ਕੱਢਦਾ ਹੈ ਕਿ ਪਰਮੇਸ਼ੁਰ ਨੇ ਜੋ ਕੁਝ ਵੀ ਬਣਾਇਆ ਸੀ ਉਹ "ਬਹੁਤ ਹੀ ਚੰਗਾ" ਸੀ (1:31)।

### ਧਰਤੀ ਦੇ ਜਾਨਵਰਾਂ ਦੀ ਰਚਨਾ (1:24, 25)

**[24]ਫੇਰ ਪਰਮੇਸ਼ੁਰ ਨੇ ਆਖਿਆ ਕਿ ਧਰਤੀ ਜੀਉਂਦੇ ਪ੍ਰਾਣੀਆਂ ਨੂੰ ਉਨ੍ਹਾਂ ਦੀ ਜਿਨਸ ਦੇ ਅਨੁਸਾਰ ਤੇ ਡੰਗਰਾਂ ਨੂੰ ਅਰ ਘਿੱਸਰਨ ਵਾਲਿਆਂ ਨੂੰ ਅਰ ਧਰਤੀ ਦੇ ਜਾਨਵਰਾਂ ਨੂੰ ਉਨ੍ਹਾਂ ਦੀ ਜਿਨਸ ਦੇ ਅਨੁਸਾਰ ਉਪਜਾਵੇ ਅਤੇ ਓਵੇਂ ਹੀ ਹੋ ਗਿਆ। [25]ਸੋ ਪਰਮੇਸ਼ੁਰ ਨੇ ਧਰਤੀ ਦੇ ਜਾਨਵਰਾਂ**

**ਨੂੰ ਉਨ੍ਹਾਂ ਦੀ ਜਿਨਸ ਦੇ ਅਨੁਸਾਰ ਅਰ ਡੰਗਰਾਂ ਨੂੰ ਉਨ੍ਹਾਂ ਦੀ ਜਿਨਸ ਦੇ ਅਨੁਸਾਰ ਅਰ ਜ਼ਮੀਨ ਦੇ ਸਾਰੇ ਘਿੱਸਰਨ ਵਾਲਿਆਂ ਨੂੰ ਉਨ੍ਹਾਂ ਦੀ ਜਿਨਸ ਦੇ ਅਨੁਸਾਰ ਬਣਾਇਆ ਅਤੇ ਪਰਮੇਸ਼ੁਰ ਨੇ ਡਿੱਠਾ ਭਈ ਚੰਗਾ ਹੈ।**

**ਆਇਤਾਂ 24, 25.** ਇਨ੍ਹਾਂ ਦੋ ਆਇਤਾਂ ਵਿੱਚ, ਲੇਖਕ ਨੇ ਧਰਤੀ ਦੇ ਜਾਨਵਰਾਂ (**ਜੀਉਂਦੇ ਪ੍ਰਾਣੀਆਂ**) ਦੀਆਂ ਤਿੰਨ ਸ਼੍ਰੇਣੀਆਂ ਦਾ ਵਰਣਨ ਕੀਤਾ ਕੀਤਾ ਸੀ ਜਿਨ੍ਹਾਂ ਨੂੰ ਪਰਮੇਸ਼ੁਰ ਨੇ ਬਣਾਇਆ ਸੀ। (1) ਡੰਗਰਾਂ ਵਿੱਚ ਸ਼ਾਇਦ ਵੱਡੇ-ਵੱਡੇ ਪਾਲਤੂ ਜਾਨਵਰ ਸ਼ਾਮਲ ਸਨ ਜੋ ਘਾਹ ਅਤੇ ਜੜੀਆਂ ਬੂਟੀਆਂ ਨਾਲ ਆਪਣਾ ਪੇਟ ਭਰਦੇ ਸਨ। (2) **ਘਿੱਸਰਨ ਵਾਲਿਆਂ** ਨੂੰ ਕੀੜੇ ਮਕੌੜਿਆਂ, ਸੱਪਾਂ, ਕਿਰਲੀਆਂ ਅਤੇ ਚੌਪਾਇਆਂ ਨਾਮ ਦਿੱਤਾ ਗਿਆ ਸੀ। (3) **ਧਰਤੀ ਦੇ ਜਾਨਵਰ** ਪਰਤੱਖ ਰੂਪ ਵਿੱਚ ਹਰ ਤਰ੍ਹਾਂ ਦੇ ਜੰਗਲੀ ਜਾਨਵਰ ਦਾ ਹਵਾਲਾ ਦਿੰਦੇ ਸਨ। ਪਰਮੇਸ਼ੁਰ ਨੇ ਉਨ੍ਹਾਂ ਨੂੰ **ਉਨ੍ਹਾਂ ਦੀ ਜਿਨਸ ਦੇ ਅਨੁਸਾਰ** ਬਣਾਇਆ ਸੀ। ਜਿਵੇਂ ਉਸ ਨੇ ਪੇੜ ਪੌਦਿਆਂ, ਬਿਰਛਾਂ, ਸਮੁੰਦਰੀ ਜੀਵਾਂ ਅਤੇ ਪੰਛੀਆਂ ਨੂੰ ਬਣਾਇਆ ਸੀ, ਉਸ ਤਰ੍ਹਾਂ ਹੁਣ ਉਸ ਨੇ ਹਰ ਕਿਸਮ ਦੇ ਧਰਤੀ ਦੇ ਜਾਨਵਰਾਂ ਨੂੰ ਬਣਾਇਆ ਸੀ। ਰਚਨਹਾਰ ਨੇ ਸਾਰੀ ਰਚਨਾ ਦੇ ਕੁਝ ਹੱਦਾਂ ਅਤੇ ਸੀਮਾਵਾਂ ਨਿਰਧਾਰਤ ਕੀਤੀਆਂ। ਫਿਰ, ਆਪਣੀਆਂ ਰਚਨਾਵਾਂ ਨੂੰ ਆਪਣੇ ਆਪ ਬਰਕਰਾਰ ਰੱਖਣ ਦੇ ਲਈ, ਉਸ ਨੇ ਹਰ ਕਿਸਮ ਦੇ ਪੌਦੇ ਅਤੇ ਜਾਨਵਰ ਵਿੱਚੋਂ ਰਚਨਹਾਰ ਬਣਾਏ। ਜਦੋਂ ਉਸ ਨੇ ਆਪਣੀ ਰਚਨਾ ਨੂੰ ਡਿੱਠਾ, ਤਾਂ **ਪਰਮੇਸ਼ੁਰ ਨੇ ਵੇਖਿਆ ਕਿ ਉਹ ਬਹੁਤ ਹੀ ਚੰਗਾ ਸੀ**।

### ਪਰਮੇਸ਼ੁਰ ਦੇ ਸਰੂਪ ਤੇ ਮਨੁੱਖ ਦੀ ਰਚਨਾ (1:26-28)

**[26]ਤਾਂ ਪਰਮੇਸ਼ੁਰ ਨੇ ਆਖਿਆ ਕਿ ਅਸੀਂ ਆਦਮੀ ਨੂੰ ਆਪਣੇ ਸਰੂਪ ਉੱਤੇ ਅਰ ਆਪਣੇ ਵਰਗਾ ਬਣਾਈਏ ਅਤੇ ਓਹ ਸਮੁੰਦਰ ਦੀਆਂ ਮੱਛੀਆਂ ਉੱਤੇ ਅਤੇ ਅਕਾਸ਼ ਦਿਆਂ ਪੰਛੀਆਂ ਉੱਤੇ ਅਤੇ ਡੰਗਰਾਂ ਉੱਤੇ ਸਗੋਂ ਸਾਰੀ ਧਰਤੀ ਉੱਤੇ ਅਤੇ ਧਰਤੀ ਪੁਰ ਸਾਰੇ ਘਿੱਸਰਨ ਵਾਲਿਆਂ ਉੱਤੇ ਰਾਜ ਕਰਨ। [27]ਸੋ ਪਰਮੇਸ਼ੁਰ ਨੇ ਆਦਮੀ ਨੂੰ ਆਪਣੇ ਸਰੂਪ ਉੱਤੇ ਉਤਪਤ ਕੀਤਾ। ਪਰਮੇਸ਼ੁਰ ਦੇ ਸਰੂਪ ਉੱਤੇ ਉਹ ਨੂੰ ਉਤਪਤ ਕੀਤਾ। ਨਰ ਨਾਰੀ ਉਸ ਨੇ ਉਨ੍ਹਾਂ ਨੂੰ ਉਤਪਤ ਕੀਤਾ। [28]ਪਰਮੇਸ਼ੁਰ ਨੇ ਉਨ੍ਹਾਂ ਨੂੰ ਅਸੀਸ ਦਿੱਤੀ ਅਤੇ ਪਰਮੇਸ਼ੁਰ ਨੇ ਉਨ੍ਹਾਂ ਨੂੰ ਆਖਿਆ ਕਿ ਫਲੋ ਅਰ ਵਧੋ ਅਰ ਧਰਤੀ ਨੂੰ ਭਰ ਦਿਓ ਅਤੇ ਉਹ ਨੂੰ ਆਪਣੇ ਵੱਸ ਵਿੱਚ ਕਰੋ ਅਤੇ ਸਮੁੰਦਰ ਦੀਆਂ ਮੱਛੀਆਂ ਉੱਤੇ ਅਰ ਅਕਾਸ਼ ਦਿਆਂ ਪੰਛੀਆਂ ਉੱਤੇ ਅਰ ਸਾਰੇ ਧਰਤੀ ਪੁਰ ਘਿੱਸਰਨ ਵਾਲਿਆਂ ਜੀਆਂ ਉੱਤੇ ਰਾਜ ਕਰੋ।**

**ਆਇਤ 26. ਆਦਮੀ** ਦੀ ਰਚਨਾ ਦੇ ਨਾਲ ਹੀ, ਸ਼ੁਰੂਆਤਾਂ ਦਾ ਵਿਰਤਾਂਤ ਇਸ ਦੀ ਚਰਮ ਸੀਮਾ ਤੇ ਪਹੁੰਚ ਗਿਆ ਕਿਉਂਕਿ ਪਰਮੇਸ਼ੁਰ ਨੇ ਆਦਮੀ ਨੂੰ ਉਸ ਦੇ ਆਪਣੇ **ਸਰੂਪ** (צֶלֶם, *ਸੇਲੇਮ*) ਅਤੇ ਆਪਣੇ **ਵਰਗਾ** (דְּמוּת, *ਡੀਮੁਥ*) ਬਣਾਇਆ ਸੀ। ਸਰੀਰਕ ਢੰਗ ਨਾਲ ਆਦਮੀ ਪਰਮੇਸ਼ੁਰ ਵਰਗਾ ਨਹੀਂ ਹੈ; ਪਰ ਪਰਮੇਸ਼ੁਰ ਦੀ ਰਚਨਾ ਵਿੱਚ, ਲੋਕ ਵਿਸ਼ੇਸ਼ ਤੌਰ ਤੇ ਪਰਮੇਸ਼ੁਰ ਦੇ ਆਤਮਿਕ, ਬੌਧਕ ਅਤੇ ਨੈਤਿਕ ਗੁਣਾਂ ਵਿੱਚ ਉਸ ਦੇ ਨਾਲ ਸਾਂਝੀ ਹੁੰਦੇ ਹਨ।

**ਪਰਮੇਸ਼ੁਰ** ਲਈ ਜਿਹੜਾ ਇਬਰਾਨੀ ਸ਼ਬਦ (אֱלֹהִים, *ਇਲੋਹਿਮ*) ਵਰਤਿਆ ਗਿਆ ਹੈ ਉਹ ਆਪਣੇ ਰੂਪ ਵਿੱਚ ਬਹੁਵਚਨ ਹੈ। ਹਾਲਾਂਕਿ ਉਤਪਤ ਦਾ ਲੇਖਕ ਦੇਵਤਿਆਂ ਦੀ ਬਹੁਲਤਾ ਵਿੱਚ ਵਿਸ਼ਵਾਸ ਨਹੀਂ ਸੀ ਕਰਦਾ, ਜਿਵੇਂ ਕਿ ਗੈਰ-ਯਹੂਦੀ ਪੁਰਾਣਕ ਕਥਾ ਵਿੱਚ ਹੈ, ਉਸ ਨੇ **ਬਣਾਈਏ** ਕਿਰਿਆ ਦੇ ਉੱਤਮ ਪੁਰਖ ਬਹੁਵਚਨ ਰੂਪ ਦੀ ਵਰਤੋਂ ਕੀਤੀ। ਇਸ ਵਿੱਚ ਕੋਈ ਸ਼ੱਕ

ਨਹੀਂ ਹੈ ਕਿ ਉਸ ਨੇ ਇਹ ਇਸ ਲਈ ਕੀਤਾ ਤਾਂ ਕਿ ਕਿਰਿਆ ਬਹੁਵਚਨ ਕਰਤਾ "ਪਰਮੇਸ਼ੁਰ" ਦੇ ਅਨੁਰੂਪ ਹੋ ਜਾਵੇ। ਫਿਰ ਵੀ, ਇਸੇ ਕਾਰਣ ਤੇ ਕਾਫ਼ੀ ਵਾਦ ਵਿਵਾਦ ਹੁੰਦਾ ਹੈ, ਖਾਸ ਕਰਕੇ ਇਸ ਤੱਥ ਦੇ ਚਾਣਨ ਵਿੱਚ ਕਿ ਉਤਪਤ 1 ਵਿੱਚ ਹੋਰ ਕਿਤੇ, ਬਹੁਵਚਨ *ਇਲੋਹਿਮ* ਦੇ ਨਾਲ ਇੱਕਵਚਨ ਕਿਰਿਆਵਾਂ ਵਰਤੀਆਂ ਗਈਆਂ ਹਨ।[13]

ਪ੍ਰਸਿੱਧ ਸੁਝਾਅ ਇਹ ਹੈ ਕਿ ਲੇਖਕ ਨੇ 1:26 ਵਿੱਚ ਪਰਮੇਸ਼ੁਰ ਦੇ ਗੁਣਾਂ ਅਤੇ ਸ਼ਕਤੀਆਂ ਦੀ ਪੂਰਤੀ ਦੇ ਭਾਵ ਵਿੱਚ ਪਰਮੇਸ਼ੁਰ ਦੀ ਮਹਿਮਾ ਤੇ ਜ਼ੋਰ ਦੇ ਲਈ ਬਹੁਵਚਨ ਰੂਪ ਵਰਤੇ ਸਨ ਜਿਨ੍ਹਾਂ ਨੂੰ ਪ੍ਰਾਚੀਨ ਲੋਕ ਪਰਮੇਸ਼ੁਰਤਵ ਦੇ ਵਿੱਚ ਇੱਕੋ ਸਮਝਦੇ ਸਨ। ਫਿਰ ਵੀ, ਉੱਪਰ ਦਿੱਤੇ ਹਵਾਲੇ ਦੀ ਸੰਭਾਵਨਾ ਤੋਂ ਪਰੇ, ਵਚਨ ਹੋਰ ਕਿਤੇ ਵੀ ਬਹੁਵਚਨ ਵਰਤੋਂ ਨੂੰ ਨਹੀਂ ਵਿਖਾਉਂਦਾ ਜੋ ਪਰਮੇਸ਼ੁਰ ਫਰਮਾਨ ਨੂੰ ਜਾਰੀ ਕਰਨ ਦੇ ਲਈ ਇਸਤੇਮਾਲ ਕਰ ਸਕਦਾ ਹੈ।[14] ਇਸ ਤੋਂ ਇਲਵਾ, ਇਹ ਵਿਚਾਰ ਕਿ ਇੱਥੇ ਬਹੁਵਚਨ ਪਰਮੇਸ਼ੁਰ ਨੂੰ ਦਿੱਤੇ ਜਾਣ ਵਾਲੇ ਸ਼ਾਹੀ ਆਦਰ ਤੇ ਬਲ ਦਿੰਦਾ ਹੈ ਯਕੀਨ ਨਾ ਕਰਨ ਵਾਲਾ ਹੈ, ਕਿਉਂਕਿ ਹਵਾਲੇ ਦੀ ਮੁੱਖ ਗੱਲ ਉਹ ਖਾਸ ਸੰਬੰਧ ਹੈ ਜੋ ਪਰਮੇਸ਼ੁਰ ਅਤੇ ਮਨੁੱਖ ਦੇ ਵਿਚਕਾਰ ਹੈ। ਕੇਂਦਰ ਬਿੰਦੂ ਪਰਮੇਸ਼ੁਰ ਦੇ ਗੁਣਾਂ ਦੀ ਬਜਾਇ, ਮਨੁੱਖ ਦੇ ਰਚਨਹਾਰ ਦੇ ਸਰੂਪ ਤੇ ਬਣਾਏ ਜਾਣ ਤੇ ਹੈ।

ਅੱਗੇ ਆਉਣ ਵਾਲੇ ਵਿਚਾਰ ਤੋਂ ਇਲਾਵਾ, ਹੋਰਨਾਂ ਨੇ ਪਰਮੇਸ਼ੁਰ ਦਾ ਹਵਾਲਾ ਦਿੰਦੇ ਹੋਏ ਪੁਰਾਣੇ ਨੇਮ ਵਿੱਚ ਤ੍ਰੀਏਕਤਾ ਦੀ ਡਾਕਟ੍ਰਿਨ ਦੇ ਸਬੂਤ ਵਜੋਂ, ਉੱਤਮ ਪੁਰਖ ਬਹੁਵਚਨ (**ਆਪਣੇ** ਅਤੇ **ਅਸੀਂ**) ਦੀ ਵਰਤੋਂ ਦੀ ਅਪੀਲ ਕੀਤੀ ਹੈ। ਫਿਰ ਵੀ, ਦੂਜੀ ਸਦੀ ਤੱਕ ਮਸੀਹੀ ਲੋਕਾਂ ਨੇ ਉਤਪਤ 1:26 ਨੂੰ ਪਰਮੇਸ਼ੁਰਤਵ ਵਿੱਚ ਪਿਤਾ, ਪੁੱਤਰ ਅਤੇ ਪਵਿੱਤਰ ਆਤਮਾ ਦੀ ਬਹੁਲਤਾ ਦੇ ਅਰਥ ਵਜੋਂ ਇਸਤੇਮਾਲ ਕਰਨਾ ਸ਼ੁਰੂ ਨਹੀਂ ਸੀ ਕੀਤੀ। ਬੇਸ਼ੱਕ, ਇਸ ਡਾਕਟ੍ਰਿਨ ਦੇ ਲਈ ਨਵੇਂ ਨੇਮ ਵਿੱਚ ਭਰਪੂਰ ਸਮਰਥਨ ਪਾਇਆ ਜਾਂਦਾ ਹੈ।[15] ਫਿਰ ਵੀ, ਪਰਮੇਸ਼ੁਰ ਦੇ ਕੋਲੋਂ ਪ੍ਰੇਰਣਾ ਪਾਏ ਹੋਏ ਕਿਸੇ ਵੀ ਲੇਖਕ ਨੇ ਰਚਨਾ ਦੇ ਵਿਰਤਾਂਤ ਵਿੱਚ "ਆਪਣੇ" ਅਤੇ "ਸਾਡੇ" ਬਹੁਵਚਨ ਰੂਪ ਦੀ ਵਰਤੋਂ ਇਹ ਦਰਸਾਉਣ ਦੇ ਲਈ ਨਹੀਂ ਕੀਤੀ ਕਿ ਇਹ ਤ੍ਰੀਏਕ ਪਰਮੇਸ਼ੁਰ ਦੀ ਧਾਰਣਾ ਦਾ ਸੁਝਾਅ ਦਿੰਦਾ ਹੈ। ਬਦਲੇ ਵਿੱਚ, ਸਾਨੂੰ ਵੀ ਇਹੋ ਜਿਹੇ ਦਾਅਵੇ ਕਰਨ ਤੋਂ ਪਰਹੇਜ਼ ਕਰਨਾ ਚਾਹੀਦਾ ਹੈ, ਜਦੋਂ ਸਾਨੂੰ ਅਜਿਹੀ ਵਿਆਖਿਆ ਦੇ ਲਈ ਕੋਈ ਬਾਈਬਲ ਅਧਾਰਿਤ ਮਿਸਾਲ ਨਹੀਂ ਮਿਲਦੀ।

1:26 ਦੀ ਆਖ਼ਰੀ ਸਮਝ ਵਿੱਚ, ਜੋ ਕਿ ਗੰਭੀਰ ਵਿਚਾਰ ਦੇ ਲਾਇਕ ਹੈ ਉਹ ਇਹ ਹੈ ਕਿ ਖੁਦ ਪੁਰਾਣੇ ਨੇਮ ਵਿੱਚ, ਪਰਮੇਸ਼ੁਰ ਦਾ ਅਕਸਰ ਇੱਕ ਵੱਡੇ ਪਾਤਸ਼ਾਹ ਵਜੋਂ ਹਵਾਲਾ ਦਿੱਤਾ ਗਿਆ ਹੈ ਜਿਹੜਾ ਆਪਣੇ ਸਿੰਘਾਸਣ ਤੇ ਬਿਰਾਜਮਾਨ ਹੈ ਅਤੇ ਉਸ ਦੇ ਆਲੇ-ਦੁਆਲੇ ਸੁਰਗ ਦੀ ਸਾਰੀ ਸੈਨਾ ਖਲੋਤੀ ਹੈ। ਮੀਕਾਯਾਹ ਨਬੀ ਦੇ ਸ਼ਬਦਾਂ ਵਿੱਚ, "ਮੈਂ ਯਹੋਵਾਹ ਨੂੰ ਆਪਣੇ ਸਿੰਘਾਸਣ ਉੱਤੇ ਬੈਠਿਆਂ ਡਿੱਠਾ ਅਤੇ ਸੁਰਗੀ ਦੀ ਸਾਰੀ ਸੈਨਾ ਉਹ ਦੇ ਸੱਜੇ ਅਰ ਖੱਬੇ ਖਲੋਤੀ ਸੀ।" ਫਿਰ ਯਹੋਵਾਹ ਨੇ ਸੁਰਗ ਦੀ ਸੈਨਾ ਨੂੰ ਇਹ ਕਹਿੰਦੇ ਹੋਏ ਚੁਣੌਤੀ ਦਿੱਤੀ, "ਕੌਣ ਅਹਾਬ ਨੂੰ ਭਰਮਾਏਗਾ ਜੋ ਉਹ ਚੜ੍ਹ ਕੇ ਰਾਮੋਥ ਗਿਲਆਦ ਕੋਲ ਡਿੱਗ ਮਰੇ?" (1 ਰਾਜਿਆਂ 22:19, 20)। ਤੁਰੰਤ, ਦੂਤਾਂ ਵਿੱਚੋਂ ਇੱਕ ਜਣਾ ਅੱਗੇ ਆਇਆ ਅਤੇ ਉਸ ਨੇ ਇਸਰਾਏਲ ਦੀ ਉੱਤਰੀ ਰਾਜਾ ਅਰਥਾਤ ਦੁਸ਼ਟ ਅਹਾਬ ਤੇ ਨਿਆਉਂ ਲਿਆਉਣ ਦੇ ਮਿਸ਼ਨ ਦੇ ਲਈ ਸਵੈ-ਇੱਛਾ ਨਾਲ ਆਪਣੇ ਆਪ ਨੂੰ ਸੌਂਪ ਦਿੱਤਾ। ਜ਼ਬੂਰ 89:5-7 ਵਿੱਚ ਇੱਕ ਹੋਰ ਮੂਲ ਲਿਖਤ ਪਰਮੇਸ਼ੁਰ ਦਾ ਪ੍ਰਭੂ ਪਾਤਸ਼ਾਹ ਦੇ ਰੂਪ ਵਿੱਚ ਵਰਣਨ ਕਰਦੀ ਹੈ ਜਿੱਥੇ ਸੁਰਗੀ ਸੈਨਾ ਉਸ ਦੇ ਆਲੇ-ਦੁਆਲੇ ਖਲੋਤੀ ਹੈ। ਇਹ ਜ਼ਬੂਰ ਲਿਖਣ ਵਾਲੇ ਨੇ ਕਿਹਾ ਹੈ ਕਿ ਅਕਾਸ਼ ਵਿੱਚ "ਸੰਤਾਂ ਦੀ ਸੰਗਤ" ਯਹੋਵਾਹ ਦੀ ਉਸਤਤ ਕਰਦੀ ਹੈ ਅਤੇ ਫਿਰ ਉਸ ਨੇ ਇਹ ਐਲਾਨ ਕੀਤਾ ਕਿ "ਪਰਮੇਸ਼ੁਰ ਦੇ ਪੁੱਤ੍ਰਾਂ" ("ਸੁਰਗਦੂਤਾਂ";

NIV; NRSV) ਦੀ ਯਹੋਵਾਹ ਨਾਲ ਤੁਲਨਾ ਨਹੀਂ ਕੀਤੀ ਜਾ ਸਕਦੀ ਕਿਉਂਕਿ ਉਹ "ਪਰਮੇਸ਼ੁਰ ਪਵਿੱਤਰਾਂ ਦੀ ਗੋਸ਼ਟੀ ਵਿੱਚ ਅੱਤ ਭਿਆਣਕ ਹੈ।"

ਅੰਤ ਵਿੱਚ, ਯਸਾਯਾਹ 6:1-8 ਆਇਤਾਂ ਪਰਮੇਸ਼ੁਰ ਦਾ ਇੱਕ ਵੱਡੇ ਰਾਜਾ ਦੇ ਰੂਪ ਵਿੱਚ ਵਰਣਨ ਕਰਦੀਆਂ ਹਨ ਜਿਹੜਾ "ਉੱਚੇ ਤੇ ਚੁੱਕੇ ਹੋਏ ਸਿੰਘਾਸਣ ਉੱਤੇ ਬਿਰਾਜਮਾਨ ਹੈ ਅਤੇ ਉਹ ਦੇ ਬਸਤ੍ਰ ਦੇ ਪੱਲੇ ਨਾਲ ਹੈਕਲ ਭਰੀ ਹੋਈ ਹੈ।" ਕਿਹਾ ਜਾਂਦਾ ਹੈ ਕਿ ਉਹ ਸਰਾਫ਼ੀਮ (ਸੁਰਗਦੂਤਾਂ) ਦੀ ਸੈਨਾ ਨਾਲ ਘਿਰਿਆ ਹੋਇਆ ਹੈ ਜਿਹੜੇ ਉਸ ਦੀ ਉਸਤਤ ਕਰਦੇ ਹਨ ਅਤੇ ਉਸ ਦੀ ਇੱਛਾ ਨੂੰ ਪੂਰਾ ਕਰਨ ਦੇ ਲਈ ਤਿਆਰ ਖੜ੍ਹੇ ਹਨ (ਯਸਾਯਾਹ 6:1-3, 6, 7)। ਉਸ ਵਿਰਤਾਂਤ ਵਿੱਚ ਜਿਸ ਦੇ ਵਿੱਚ ਯਸਾਯਾਹ ਨੇ ਪਰਮੇਸ਼ੁਰ ਦੀ ਅਵਾਜ਼ ਨੂੰ ਇਹ ਕਹਿੰਦੇ ਹੋਏ ਸੁਣਿਆ ਕਿ "ਕੌਣ ਸਾਡੇ ਲਈ ਜਾਵੇਗਾ?" (ਯਸਾਯਾਹ 6:8, ਉਸ ਦਰਸ਼ਣ ਵਿੱਚ ਸਪੱਸ਼ਟ ਤੌਰ ਤੇ ਪ੍ਰਭੂ ਦੇ ਸਵਾਲ ਵਿੱਚ ਸੁਰਗ ਦੀ ਸੈਨਾ ਸ਼ਾਮਲ ਹੈ, ਜਿਸ ਦੇ ਵਿੱਚ ਉੱਤਮ ਪੁਰਖ ਬਹੁਵਚਨ "ਸਾਡੇ" ਵੀ ਸ਼ਾਮਲ ਹੈ।

ਅੱਗੇ ਆਉਣ ਵਾਲੇ ਬੰਦਾਂ ਦੇ ਚਾਣਨ ਵਿੱਚ, ਉਤਪਤ 1:26 ਨੂੰ ਵਿਸ਼ੇਸ਼ ਤੌਰ ਤੇ ਤ੍ਰੀਏਕਤਾ ਦੇ ਹਵਾਲੇ ਦੇ ਰੂਪ ਵਿੱਚ ਸਮਝਣ ਦੀ ਬਜਾਇ, ਇਹ ਜ਼ਿਆਦਾ ਸੰਭਵ ਪ੍ਰਤੀਤ ਹੁੰਦਾ ਹੈ ਕਿ ਇਹ ਪਰਮੇਸ਼ੁਰ ਦੇ ਆਪਣੀ ਸੁਰਗੀ ਸੈਨਾ ਨਾਲ ਮਿਲ ਕੇ ਕੰਮ ਕਰਨ ਦਾ ਵਰਣਨ ਕਰਦੀ ਹੈ। ਇਸ ਲਈ, ਦੂਤਾਂ ਨੇ ਰਚਨਾ ਵਿੱਚ ਹਿੱਸਾ ਲਿਆ ਸੀ - ਸਹਿ-ਰਚਨਹਾਰ ਬਣਕੇ ਨਹੀਂ, ਪਰ ਉਨ੍ਹਾਂ ਸਾਰੀਆਂ ਗੱਲਾਂ ਦੇ ਗਵਾਹ ਬਣਕੇ ਜੋ ਪਰਮੇਸ਼ੁਰ ਕਰ ਰਿਹਾ ਸੀ ਅਤੇ ਇਸ ਦੇ ਕਾਰਣ ਉਸ ਦੀ ਉਸਤਤ ਕਰਕੇ। ਪਰਮੇਸ਼ੁਰ ਨੇ ਇਨ੍ਹਾਂ ਦੂਤਾਂ ਦਾ ਜ਼ਿਕਰ ਉਦੋਂ ਕੀਤਾ ਸੀ ਜਦੋਂ ਉਸ ਨੇ ਅੱਯੂਬ ਨੂੰ ਕਾਵਿਆਤਮਕ ਸਵਾਲ ਪੁੱਛੇ "ਤੂੰ ਕਿੱਥੇ ਸੈਂ ਜਦ ਮੈਂ ਧਰਤੀ ਦੀ ਨੀਉਂ ਰੱਖੀ? . . . ਯਾ ਕਿਹ ਨੇ ਉਹ ਦੇ ਸਿਰੇ ਦਾ ਪੱਥਰ ਧਰਿਆ, ਜਦ ਸਵੇਰ ਦੇ ਤਾਰੇ ਮਿਲ ਕੇ ਜੈਕਾਰੇ ਗਜਾਉਂਦੇ ਸਨ, ਅਤੇ ਪਰਮੇਸ਼ੁਰ ਦੇ ਸਾਰੇ ਪੁੱਤ੍ਰ [ਦੂਤ] ਨਾਰੇ ਮਾਰਦੇ ਸਨ?" (ਅੱਯੂਬ 38:4-7)।[16]

**ਆਇਤ 27.** ਜਦ ਕਿ ਆਇਤ 26 ਪਰਮੇਸ਼ੁਰ ਦੇ ਸ਼ਬਦਾਂ ਦਾ ਇੱਕ ਹਵਾਲਾ ਹੈ, ਆਇਤ 27 ਲੇਖਕ ਦੀ ਰਿਪੋਰਟ ਹੈ। ਪਰਮੇਸ਼ੁਰ ਦਾ "ਸਰੂਪ" (*ਸੇਲੇਮ*) ਅਤੇ "ਸਮਾਨਤਾ" (*ਡੀਮੁਥ*; 1:26) ਨੂੰ ਉਨ੍ਹਾਂ ਮਨੁੱਖਾਂ ਵਿੱਚ ਕਿਵੇਂ ਵੇਖਿਆ ਜਾ ਸਕਦਾ ਹੈ ਜਿਨ੍ਹਾਂ ਨੂੰ ਉਸ ਨੇ ਉਤਪਤ ਕੀਤਾ ਸੀ? ਇਹ ਧਾਰਣਾ ਨੂੰ ਵੱਖ-ਵੱਖ ਤਰੀਕਿਆਂ ਨਾਲ ਸਮਝਿਆ ਗਿਆ ਹੈ।

ਪਹਿਲਾ ਸ਼ਬਦ, *ਸੇਲੇਮ*, ਆਮ ਤੌਰ ਤੇ ਮੂਰਤੀਆਂ ਦਾ ਹਵਾਲਾ ਦਿੰਦਾ ਹੈ। ਯਹੋਵਾਹ ਦੀ ਵਿਵਸਥਾ ਵਿੱਚ ਇਸ ਕਿਸਮ ਦੀਆਂ ਮੂਰਤੀਆਂ ਦੀ ਸਖਤ ਮਨਾਹੀ ਸੀ[17] (ਗਿਣਤੀ 33:51, 52)। ਫਿਰ ਵੀ, ਪੁਰਾਣੇ ਨੇਮ ਦੇ ਪੂਰੇ ਇਤਹਾਸ ਵਿੱਚ, ਪਰਮੇਸ਼ੁਰ ਦੇ ਲੋਕਾਂ ਨੇ ਆਪਣੇ ਝੂਠੇ ਦੇਵਤਿਆਂ ਦਾ ਇਨਕਾਰ ਕਰਨ ਤੋਂ ਮਨ੍ਹਾ ਕਰ ਦਿੱਤਾ। ਇਸੇ ਕਰਕੇ ਯਹੋਵਾਹ ਨੇ ਯਰੂਸ਼ਲਮ ਅਤੇ ਯਹੂਦਾਹ ਦਾ ਖਾਤਮਾ ਕਰਨ ਦਾ ਫਰਮਾਨ ਜਾਰੀ ਕੀਤਾ ਅਤੇ ਆਪਣੇ ਮੂਰਤੀਪੂਜਕ ਲੋਕਾਂ ਨੂੰ ਉਨ੍ਹਾਂ ਦੀਆਂ ਮੂਰਤੀਆਂ ਦੇ ਨਾਲ ਨਾਸ ਹੋਣ ਦਿੱਤਾ (ਹਿਜ਼ਕੀਏਲ 7:3, 20, 24-27)।

ਉਤਪਤ 5:3 *ਸੇਲੇਮ* ("ਸਰੂਪ") ਨੂੰ ਸਰੀਰਕ ਸਮਾਨਤਾ ਦੇ ਇੱਕ ਹੋਰ ਭਾਵ ਵਿੱਚ ਵਰਤਦੀ ਹੈ ਅਤੇ ਇਸ ਦੇ ਵਿੱਚ ਡੀਮੁਥ ("ਸਮਾਨਤਾ") ਸ਼ਬਦ ਵੀ ਸ਼ਾਮਲ ਹੈ ਜੋ 1:26 ਵਿੱਚ ਪਾਇਆ ਜਾਂਦਾ ਹੈ। ਆਦਮ ਦੀਆਂ ਪੀੜ੍ਹੀਆਂ ਦੀ ਚਰਚਾ ਕਰਦਿਆਂ, ਲੇਖਕ ਨੇ ਕਿਹਾ, "ਆਦਮ ਇੱਕ ਸੌ ਤੀਹਾਂ ਵਰਿਹਾਂ ਦਾ ਹੋਇਆ ਤਾਂ ਉਸ ਤੋਂ ਇੱਕ ਪੁੱਤ੍ਰ ਉਸ ਵਰਗਾ [*ਡੀਮੁਥ* ] ਤੇ ਉਸ ਦੇ ਸਰੂਪ [*ਸੇਲੇਮ* ] ਉੱਤੇ ਜੰਮਿਆ ਅਤੇ ਉਸ ਨੇ ਉਹ ਦਾ ਨਾਉਂ ਸੇਥ ਰੱਖਿਆ" (5:3)। ਇਸ ਕਥਨ ਦਾ ਸਭ ਤੋਂ ਸੁਭਾਵਕ ਅਰਥ ਇਹ ਹੈ ਕਿ ਪਿਤਾ ਅਤੇ ਪੁੱਤਰ ਦੀ ਸਰੀਰਕ ਸ਼ਕਲ ਸੂਰਤ ਵਿੱਚ ਜਬਰਦਸਤ ਸਮਾਨਤਾ ਸੀ। ਦੋਵੇਂ ਸ਼ਬਦ, ਸੇਲੇਮ ਅਤੇ ਡੀਮੁਥ, ਇਹ ਵਿਚਾਰ ਪਰਗਟ

ਕਰਨ ਦੇ ਲਈ ਵਰਤੇ ਗਏ ਹਨ ਕਿ ਪੁੱਤਰ ਆਪਣੇ ਪਿਤਾ ਦੇ ਵਰਗਾ ਦਿਸਦਾ ਸੀ।

ਦੂਜੇ ਬੰਦਾਂ ਵਿੱਚ, *ਸੇਲੇਮ* ਦਾ ਇੱਕ ਠੋਸ ਅਰਥ ਨਹੀਂ ਹੈ, ਪਰ ਇਹ ਸੁਭਾਅ ਵਿੱਚ ਜ਼ਿਆਦਾ ਆਤਮਿਕ ਚੀਜ਼ ਦਾ ਹਵਾਲਾ ਦਿੰਦਾ ਹੈ। ਜ਼ਬੂਰ ਲਿਖਣ ਵਾਲੇ ਨੇ, ਜੀਵਨ ਦੀ ਸੰਖੇਪਤਾ ਤੇ ਟਿੱਪਣੀ ਕਰਦਿਆ, ਵਿਰਲਾਪ ਕੀਤਾ ਕਿ ਉਸ ਦਾ ਜੀਵਨਕਾਲ ਪਰਮੇਸ਼ੁਰ ਦੀ ਨਜ਼ਰ ਵਿੱਚ ਨਾ ਮਾਤਰ ਸੀ:

> ਸੱਚ ਮੁੱਚ ਹਰ ਆਦਮੀ ਭਾਵੇਂ ਇਸਥਿਰ ਵੀ ਹੋ, ਤਦ ਵੀ ਸਾਹ [הֶבֶל, *ਹੇਬੇਲ*] ਮਾਤ੍ਰ ਹੀ ਹੈ! ਸਲਹ। ਸੱਚ ਮੁੱਚ ਮਨੁੱਖ ਛਾਇਆ [*ਸੇਲੇਮ*] ਹੀ ਵਾਂਙੁ ਫਿਰਦਾ ਹੈ, ਸੱਚ ਮੁੱਚ ਉਹ ਵਿਅਰਥ ਰੌਲਾ ਪਾਉਂਦਾ ਹੈ [*ਹੇਬੇਲ*]! ਉਹ ਮਾਇਆ ਜੋੜਦਾ ਹੈ ਪਰ ਨਹੀਂ ਜਾਣਦਾ ਭਈ ਉਹ ਕੌਣ ਸਾਂਭੇਗਾ (ਜ਼ਬੂਰ 39:5, 6)।

ਜ਼ਬੂਰ 39 ਵਿੱਚ, ਇਹ ਸਪੱਸ਼ਟ ਹੈ ਕਿ *ਸੇਲੇਮ,* ਜਿਸ ਦਾ ਅਨੁਵਾਦ "ਛਾਇਆ" ਕੀਤਾ ਗਿਆ ਹੈ *ਹੇਬੇਲ* ਦੇ ਬਰਾਬਰ ਹੈ, ਜਿਸ ਦਾ ਅਰਥ "ਸਾਹ" ਅਤੇ "ਕੁਝ ਵੀ ਨਹੀਂ" ਹੈ। ਦੋਵੇਂ ਇਬਰਾਨੀ ਸ਼ਬਦ ਕਿਸੇ ਗੈਰ-ਸਰੀਰਕ ਚੀਜ਼ ਦਾ ਹਵਾਲਾ ਦਿੰਦੇ ਹਨ।

ਉਸੇ ਤਰ੍ਹਾਂ, ਜ਼ਬੂਰ 73:20 ਵਿੱਚ, ਜ਼ਬੂਰ ਲਿਖਣ ਵਾਲੇ ਨੇ ਦੁਸ਼ਟ ਦੀ ਤੁਲਨਾ ਇੱਕ ਵਿਅਕਤੀ ਦੇ "ਸੁਫ਼ਨੇ [חֲלוֹם, *ਚਲੋਮ*] ਤੋਂ ਜਾਗਣ" ਨਾਲ ਕਰਦਾ ਹੈ ਅਤੇ ਕਿਹਾ ਕਿ ਪਰਮੇਸ਼ੁਰ "ਉਨ੍ਹਾਂ ਦੀ ਸ਼ਕਲ [*ਸੇਲੇਮ*] ਨੂੰ ਤੁੱਛ ਜਾਣੇਂਗਾ।" ਇੱਥੇ "ਸੁਫ਼ਨਾ" (*ਚਲੋਮ*) "ਰੂਪ" (*ਸੇਲੇਮ*) ਦਾ ਸਮਾਨਾਂਤਰ ਹੈ, ਜਿਸ ਦਾ ਅਨੁਵਾਦ "ਛਾਇਆ" (NRSV) ਅਤੇ "ਕਲਪਨਾਵਾਂ" (NIV) ਹੈ। ਇਹ ਇਸ ਗੱਲ ਵੱਲ ਸੰਕੇਤ ਕਰਦਾ ਹੈ ਕਿ ਘੱਟੋ-ਘੱਟ ਕੁਝ ਸੰਦਰਭਾਂ ਵਿੱਚ, ਸੇਲੇਮ ਕਿਸੇ ਮਹੱਤਵਹੀਣ ਜਾਂ ਨਿਰਾਕਾਰ ਚੀਜ਼ ਦਾ ਹਵਾਲਾ ਦਿੰਦਾ ਹੋਵੇਗਾ ਜਿਸ ਦਾ ਕੋਈ ਵਾਸਤਵਿਕ ਰੂਪ ਨਹੀਂ ਹੈ, ਪਰ ਸੁਭਾਅ ਵਿੱਚ ਆਤਮਿਕ ਹੁੰਦਾ ਹੈ।

ਆਦਮੀ ਵਿੱਚ ਪਰਮੇਸ਼ੁਰ ਦੇ ਸਰੂਪ ਦਾ ਵਰਣਨ ਕਰਨ ਦੇ ਲਈ ਦੂਜਾ ਸ਼ਬਦ ਜੋ ਵਰਤਿਆ ਗਿਆ ਹੈ ਉਹ ਹੈ "ਵਰਗਾ" (*ਡੀਮੁਥ*; 1:26)। ਇਹ ਸਰੀਰਕ ਸਮਾਨਤਾ ਦਾ ਵਿਚਾਰ ਵੀ ਦਿੰਦਾ ਹੈ। ਇਹ ਯਸਾਯਾਹ 40:18, 19 ਵਿੱਚ ਪਾਏ ਜਾਣ ਵਾਲੇ ਇੱਕ ਸਵਾਲ ਵਿੱਚ ਮਿਲਦਾ ਹੈ, ਜਿੱਥੇ ਪਰਮੇਸ਼ੁਰ ਨੇ ਇਹ ਪੁਸ਼ਟੀ ਕੀਤੀ ਸੀ ਕਿ ਅਕਾਸ਼ ਵਿੱਚ ਅਤੇ ਧਰਤੀ ਉੱਤੇ ਉਸ ਦੇ ਨਾਲ ਕਿਸੇ ਚੀਜ਼ ਦੀ ਤੁਲਨਾ ਨਹੀਂ ਕੀਤੀ ਜਾ ਸਕਦੀ। ਇਸ ਮੂਲ ਲਿਖਤ ਵਿੱਚ, ਕਿਰਿਆ דָּמָה (*ਡਾਮਾਹ*) ਅਤੇ ਨਾਂਵ ਦੋਵੇਂ ਇੱਕੋ ਮੂਲ ਸ਼ਬਦ (*ਡੀਮੁਥ*) ਤੋਂ ਲਏ ਗਏ ਹਨ:

> ਤੁਸੀਂ ਪਰਮੇਸ਼ੁਰ ਨੂੰ ਕਿਹ ਦੇ ਵਰਗਾ [*ਡਾਮਾਹ*] ਦੱਸੋਗੇ? ਯਾ ਕਿਹੜੀ ਚੀਜ਼ ਨਾਲ ਉਹ ਨੂੰ ਉਪਮਾ [*ਡੀਮੁਥ*] ਦਿਓਗੇ? ਮੂਰਤ? ਕਾਰੀਗਰ ਉਹ ਨੂੰ ਢਾਲਦਾ ਹੈ, ਅਤੇ ਸੁਨਿਆਰ ਉਹ ਦੇ ਉੱਤੇ ਸੋਨਾ ਮੜ੍ਹਦਾ ਹੈ, ਅਤੇ ਚਾਂਦੀ ਦੀਆਂ ਜੰਜੀਰਾਂ ਘੜਦਾ ਹੈ।

ਦੂਜੇ ਸ਼ਬਦਾਂ ਵਿੱਚ, ਕੋਈ ਸਰੀਰਕ ਸਰੂਪ ਜਾਂ ਸਮਾਨਤਾ ਜੋ ਮਨੁੱਖ ਦੁਆਰਾ ਤਿਆਰ ਕੀਤੀ ਗਈ ਹੈ ਪਰਮੇਸ਼ੁਰ ਦੇ ਸੱਚੇ ਸੁਭਾਅ ਪਰਗਟ ਨਹੀਂ ਕਰ ਸਕਦੀ।

ਦਸ ਹੁਕਮਾਂ ਵਿੱਚ, ਇਸਰਾਏਲ ਨੂੰ ਪਰਮੇਸ਼ੁਰ ਦੀ ਬੁੱਤ ਦੀ ਘੜੀ ਹੋਈ ਮੂਰਤ ਬਣਾਉਣ ਜਾਂ ਅਕਾਸ਼ ਵਿੱਚ ਅਤੇ ਧਰਤੀ ਉੱਤੇ ਪਰਮੇਸ਼ੁਰ ਨੂੰ ਕਿਸੇ ਵੀ ਚੀਜ਼ ਦੀ ਸਰੀਰਕ ਸ਼ਕਲ ਦੁਆਰਾ ਦਰਸਾਉਣ ਦੀ ਕੋਸ਼ਿਸ਼ ਕਰਨ ਤੋਂ ਮਨ੍ਹਾ ਕੀਤਾ ਗਿਆ ਸੀ (ਕੂਚ 20:3-5; ਬਿਵਸਥਾ ਸਾਰ 5:7-9)। ਇਸ ਤੋਂ ਪਹਿਲਾਂ ਕਿ ਇਸਰਾਏਲ ਦੇ ਲੋਕ ਵਾਅਦੇ ਦੀ ਧਰਤੀ ਵਿੱਚ ਦਾਖਲ ਹੋਏ, ਮੂਸਾ ਨੇ ਉਨ੍ਹਾਂ ਨੂੰ ਇਸ ਦੇ ਬਾਰੇ ਸਾਵਧਾਨ ਰਹਿਣ ਦੀ ਨਸੀਹਤ ਦਿੱਤੀ ਸੀ: "ਤੁਸੀਂ ਆਪਣਿਆਂ

ਮਨਾਂ ਦੀ ਬਹੁਤ ਰਾਖੀ ਕਰੋ ਕਿਉਂ ਜੋ ਜਦ ਯਹੋਵਾਹ ਅੱਗ ਦੇ ਵਿੱਚੋਂ ਦੀ ਹੋਰੇਬ ਵਿੱਚ ਤੁਹਾਡੇ ਨਾਲ ਬੋਲਿਆ ਤਾਂ ਤੁਸਾਂ ਕੋਈ *ਸਰੂਪ* ਨਾ ਵੇਖਿਆ" (ਬਿਵਸਥਾ ਸਾਰ 4:15; ਜ਼ੋਰ ਦਿੱਤਾ ਗਿਆ ਹੈ)। ਉਨ੍ਹਾਂ ਨੇ ਮਨੁੱਖਾਂ (ਨਰ ਜਾਂ ਨਾਰੀ), ਡੰਗਰਾਂ (ਜਾਨਵਰਾਂ, ਘਿੱਸਰਣ ਵਾਲੀਆਂ ਚੀਜ਼ਾਂ, ਪੰਛੀ ਜਾਂ ਮੱਛੀ), ਨਾ ਹੀ ਅਕਾਸ਼ ਦੀ ਸਾਰੀ ਸੈਨਾਂ (ਸੂਰਜ, ਚੰਦ ਜਾਂ ਤਾਰੇ) ਦੀ ਸ਼ਕਲ ਜਾਂ ਸਮਾਨਤਾ ਵਿੱਚ "ਬੁੱਤ ਦੀ ਘੜੀ ਹੋਈ ਮੂਰਤ ਬਣਾਉਣੀ" ਸੀ (ਬਿਵਸਥਾ ਸਾਰ 4:16-19)।

ਫਿਰ ਵੀ, ਪਰਮੇਸ਼ੁਰ ਨੂੰ ਅਕਸਰ ਇੱਕ ਰਾਜਾ ਦੇ ਰੂਪ ਵਿੱਚ ਦਰਸਾਇਆ ਗਿਆ ਹੈ ਜਿਹੜਾ ਸਿੰਘਾਸਣ ਤੇ ਬਿਰਾਜਮਾਨ ਹੈ (ਯਸਾਯਾਹ 6:1) ਜਿਸ ਦੇ ਹੱਥ ਹਨ (ਜ਼ਬੂਰ 10:12, 14), ਪੈਰ ਹਨ (ਯਸਾਯਾਹ 60:13), ਚਿਹਰਾ, ਅੱਖਾਂ ਅਤੇ ਕੰਨ ਹਨ (ਜ਼ਬੂਰ 34:15, 16)। ਇਨ੍ਹਾਂ ਵਾਕਾਂ ਦੀ ਵਿਆਖਿਆ ਇਹ ਅਰਥ ਦਰਸਾਉਣ ਦੇ ਲਈ ਕੀਤੀ ਗਈ ਹੈ ਕਿ ਮਨੁੱਖ ਦੀ ਸਰੀਰਕ ਦੇਹ ਪਰਮੇਸ਼ੁਰ ਦੇ ਵਰਗੀ ਬਣਾਈ ਗਈ ਹੈ; ਪਰ ਉਹ ਪਰਮੇਸ਼ੁਰ ਦੇ ਅਲੰਕਾਰਕ ਵਰਣਨ ਹਨ ਅਤੇ ਉਨ੍ਹਾਂ ਨੂੰ ਜਥਾਰਥ ਰੂਪ ਵਿੱਚ ਨਹੀਂ ਲਿਆ ਜਾਣਾ ਚਾਹੀਦਾ। ਅਜਿਹੀ ਵਿਆਖਿਆ ਪਰਮੇਸ਼ੁਰ ਦੇ ਸੁਭਾਅ ਦੀ ਮੂਲ ਗਲਤਫਹਿਮੀ ਹੈ, ਜਿਹੜਾ ਆਤਮਾ ਹੈ ਅਤੇ ਸਰੀਰ ਨਹੀਂ (ਯੂਹੰਨਾ 4:24; ਵੇਖੋ ਲੂਕਾ 24:39)। ਇਸੇ ਕਰਕੇ ਜ਼ਬੂਰ ਲਿਖਣ ਵਾਲੇ ਨੇ ਲਿਖਿਆ, "ਮੈਂ ਤੇਰੇ ਆਤਮਾ ਤੋਂ ਕਿੱਧਰ ਜਾਵਾਂ, ਅਤੇ ਤੇਰੀ ਹਜ਼ੂਰੀ ਤੋਂ ਕਿੱਧਰ ਨੱਠਾਂ? ਜੇ ਮੈਂ ਅਕਾਸ਼ ਉੱਤੇ ਚੜ੍ਹ ਜਾਵਾਂ, ਤੂੰ ਉੱਥੇ ਹੈਂ, ਜੇ ਮੈਂ ਪਤਾਲ ਵਿੱਚ ਬਿਸਤਰਾ ਵਿਛਾਵਾਂ, ਵੇਖ, ਤੂੰ ਉੱਥੇ ਹੈਂ" (ਜ਼ਬੂਰ 139:7, 8)।

ਪਰਮੇਸ਼ੁਰ ਦਾ ਆਤਮਿਕ ਸੁਭਾਅ ਮਨੁੱਖ ਦੇ ਸਰੀਰਕ ਸੁਭਾਅ ਦੇ ਵਿਪਰੀਤ ਹੈ। ਇਹ ਕਥਨ ਕਿ "ਪਰਮੇਸ਼ੁਰ ਨੇ ਆਦਮੀ ਨੂੰ ਆਪਣੇ ਸਰੂਪ ਉੱਤੇ ਉਤਪਤ ਕੀਤਾ" ਪਰਮੇਸ਼ੁਰ ਦੇ ਆਤਮਿਕ ਸੁਭਾਅ (ਆਦਮੀ ਵਿੱਚ ਦੁਹਰਾਇਆ ਗਿਆ) ਹੈ, ਜਦ ਕਿ **ਨਰ ਨਾਰੀ ਉਸ ਨੇ ਉਨ੍ਹਾਂ ਨੂੰ ਉਤਪਤ ਕੀਤਾ** ਆਦਮੀ ਦੇ ਸਰੀਰਕ ਸੁਭਾਅ ਤੇ ਜ਼ੋਰ ਦਿੰਦਾ ਹੈ। ਇਸ ਹਵਾਲੇ ਵਿੱਚ "ਆਦਮੀ" ਲਈ ਜਿਹੜਾ ਸ਼ਬਦ ਵਰਤਿਆ ਗਿਆ ਹੈ ਉਹ ਹੈ אָדָם (*ਆਦਮ*), ਜਿਹੜਾ ਇਬਰਾਨੀ ਸ਼ਬਦ ਦੀ ਸਧਾਰਣ ਵਰਤੋਂ ਹੈ ਜਿਸ ਦਾ ਅਰਥ ਹੈ "ਮਨੁੱਖਜਾਤੀ" ਅਤੇ ਬਾਅਦ ਵਿੱਚ ਇਹ ਵਿਅਕਤੀਗਤ ਨਾਮ ਬਣ ਗਿਆ "ਆਦਮ" (2:20; 3:17, 21)। ਫਿਰ ਵੀ, ਇੱਥੇ ਅਤੇ ਉਤਪਤ 5:1, 2 ਵਿੱਚ ਵੀ, ਮੂਲ ਰੂਪ ਵਿੱਚ ਆਦਮ ਵਿੱਚ "ਨਰ ਨਾਰੀ" ਸ਼ਾਮਲ ਸਨ, ਕਿਉਂਕਿ ਦੋਵੇਂ ਪਰਮੇਸ਼ੁਰ ਦੇ ਸਰੂਪ ਉੱਤੇ ਅਤੇ ਪਰਮੇਸ਼ੁਰ ਵਰਗੇ ਬਣਾਏ ਗਏ ਸਨ। ਕਿਉਂਕਿ ਆਦਮੀ ਅਤੇ ਔਰਤ ਸਰੀਰਕ ਤੌਰ ਤੇ ਲਿੰਗੀ ਤੌਰ ਤੇ ਇੱਕ ਦੂਜੇ ਤੋਂ ਭਿੰਨ ਹਨ, ਨਰ ਅਤੇ ਨਾਰੀ (*ਆਦਮ*, "ਮਨੁੱਖਜਾਤੀ") ਵਿੱਚ ਪਰਮੇਸ਼ੁਰ ਦਾ ਸਰੂਪ ਸਰੀਰਕ ਸੁਭਾਅ ਜਾਂ ਰੂਪ ਤੋਂ ਇਲਾਵਾ ਕਿਸੇ ਹੋਰ ਚੀਜ਼ ਦਾ ਹਵਾਲਾ ਦਿੰਦਾ ਹੋਵੇਗਾ। ਇਸ ਦੀ ਬਜਾਇ, ਇਹ ਨੈਤਿਕ ਸੰਵੇਦਸ਼ੀਲਤਾ, ਆਤਮਿਕ ਜੀਵਨ ਅਤੇ ਬੌਧਕ ਗੁਣਾਂ ਦਾ ਸੁਝਾਅ ਦਿੰਦਾ ਹੈ ਜੋ ਆਦਮੀ ਇਕੱਲਾ ਬਾਕੀ ਜੀਉਂਦੇ ਪ੍ਰਾਣੀਆਂ ਦੀ ਤੁਲਨਾ ਵਿੱਚ ਜਿਨ੍ਹਾਂ ਨੂੰ ਪਰਮੇਸ਼ੁਰ ਨੇ ਬਣਾਇਆ ਸੀ ਆਪਣੇ ਰਚਨਹਾਰ ਨਾਲ ਸਾਂਝਿਆਂ ਕਰਦਾ ਹੈ।

**ਆਇਤ 28.** ਜਦੋਂ ਪਰਮੇਸ਼ੁਰ ਨੇ ਆਦਮੀ ਨੂੰ ਉਸ ਦੇ ਆਪਣੇ ਸਰੂਪ ਉੱਤੇ ਨਰ ਨਾਰੀ ਬਣਾਇਆ, ਉਸ ਨੇ **ਉਨ੍ਹਾਂ ਨੂੰ ਅਸੀਸ ਦਿੱਤੀ** ਅਤੇ ਉਨ੍ਹਾਂ ਨੂੰ ਇਹ ਜ਼ਿੰਮੇਵਾਰੀ ਦਿੱਤੀ ਕਿ **ਫਲੋ ਅਰ ਵਧੋ ਅਰ ਧਰਤੀ ਨੂੰ ਭਰ ਦਿਓ**। ਇਸ ਕਾਰਜ ਵਿੱਚ, ਪਰਮੇਸ਼ੁਰ ਨੇ ਨਾ ਸਿਰਫ ਮਨੁੱਖਜਾਤੀ ਨੂੰ ਆਪਣੀ ਅਸੀਸ ਦਿੱਤੀ, ਪਰ ਉਸ ਨੇ ਉਨ੍ਹਾਂ ਨੂੰ ਵਧਣ ਅਤੇ ਧਰਤੀ ਨੂੰ ਭਰਨ ਦੁਆਰਾ ਉਨ੍ਹਾਂ ਦੀ ਯੋਗਤਾ ਨੂੰ ਪੂਰਾ ਕਰਨ ਦੀ ਯੋਗਤਾ ਵੀ ਦਿੱਤੀ ਸੀ, ਜਿਵੇਂ ਉਸ ਨੇ 1:22 ਵਿੱਚ ਪੰਛੀਆਂ ਅਤੇ ਸਮੁੰਦਰੀ ਜੀਵਾਂ ਨੂੰ ਦਿੱਤੀ ਸੀ। ਨਰ ਅਤੇ ਨਾਰੀ ਦੇ ਲਈ ਯੌਨ ਸੰਬੰਧ ਦੀ ਅਸੀਸ, ਜਿਹੜੀ

ਪ੍ਰਜਨਨ ਵਿੱਚ ਸ਼ਾਮਲ ਹੈ, ਸੁਭਾਅ ਦਾ ਇਤਫਾਕ ਨਹੀਂ ਜਾਂ ਸਿਰਫ ਇੱਕ ਜੀਵ ਵਿਗਿਆਨਿਕ ਘਟਨਾ ਨਹੀਂ ਹੈ। ਨਾ ਹੀ ਇਹ ਕੋਈ ਅਜਿਹੀ ਚੀਜ਼ ਹੈ ਜੋ ਅਦਨ ਦੇ ਬਾਗ ਵਿੱਚ ਪਾਪ ਵੱਲ ਲੈ ਗਈ ਜਾਂ ਪਾਪ ਦੇ ਲਈ ਇੱਕ ਸਜ਼ਾ ਦੇ ਰੂਪ ਵਿੱਚ ਹੋਈ।

ਉਸ ਯੌਨ ਇੱਛਾ ਨੂੰ ਜੋ ਪਰਮੇਸ਼ੁਰ ਨੇ ਮਨੁੱਖਜਾਤੀ ਦੇ ਅੰਦਰ ਪਾਈ ਹੈ ਗੈਰ-ਆਤਮਿਕ, ਘਟੀਆ ਜਾਂ ਬੁਰਾ ਦਰਸਾਉਣ ਦੀ ਕੋਈ ਵੀ ਕੋਸ਼ਿਸ਼ ਬਾਈਬਲ ਦੀ ਸਿੱਖਿਆ ਦੇ ਵਿਪਰੀਤ ਹੈ। ਇਹ ਪਰਮੇਸ਼ੁਰ ਦੀ ਉਸ ਰਚਨਾ ਦਾ ਹਿੱਸਾ ਹੈ ਜਿਸ ਨੂੰ ਪਰਮੇਸ਼ੁਰ ਨੇ ਸਾਰੀਆਂ ਚੀਜ਼ਾਂ ਜੋ ਉਸ ਨੇ ਬਣਾਈਆਂ ਸਨ ਵਿਚਾਰ ਕਰਦਿਆਂ "ਬਹੁਤ ਹੀ ਚੰਗਾ" ਆਖਿਆ (1:31)। ਯੌਨ ਕਿਰਿਆ ਪਾਪ ਨਹੀਂ ਹੈ, ਪਰ ਇਸ ਦੀ ਦੁਰਵਰਤੋਂ ਪਾਪ ਹੈ ਅਤੇ ਇਹ ਗੱਲ ਵਿਆਹੁਤਾ ਜੀਵਨ ਵਿੱਚ ਵੀ ਸੱਚ ਹੈ, ਜਦੋਂ ਇੱਕ ਵਿਅਕਤੀ ਉਸ ਦੀ ਆਪਣੀ ਸੁਆਰਥੀ ਹਵਸ ਨੂੰ ਪੂਰਾ ਕਰਨ ਦੇ ਲਈ ਕਿਸੇ ਹੋਰ ਵਿਅਕਤੀ ਨੂੰ ਯੌਨ ਕਿਰਿਆ ਦੀ ਵਸਤੂ ਸਮਝ ਕੇ ਇਸਤੇਮਾਲ ਕਰਦਾ ਹੈ। ਜਦ ਕਿ ਯੌਨ ਕਿਰਿਆ ਸੰਬੰਧੀ ਪਛਾਣ ਅਤੇ ਇਸ ਦਾ ਕੰਮ ਪਰਮੇਸ਼ੁਰ ਦੇ ਸੁਭਾਅ ਜਾਂ ਕੰਮ ਦਾ ਹਿੱਸਾ ਨਹੀਂ ਹਨ, ਪ੍ਰਜਨਨ ਨੂੰ ਨਰ ਅਤੇ ਨਾਰੀ ਦੇ ਲਈ ਜਿਨ੍ਹਾਂ ਨੂੰ ਉਸ ਦੇ ਸਰੂਪ ਤੇ ਬਣਾਇਆ ਗਿਆ ਹੈ ਵਿਆਹ ਦੇ ਰੱਬੀ ਉਦੇਸ਼ ਅਤੇ ਪਰਮੇਸ਼ੁਰ ਦੀ ਇੱਛਾ ਵਜੋਂ ਸਕਾਰਾਤਮਕ ਢੰਗ ਨਾਲ ਨਿਰਧਾਰਤ ਕੀਤਾ ਗਿਆ ਹੈ।

ਪਰਮੇਸ਼ੁਰ ਦਾ ਇਹ ਹੁਕਮ ਕਿ "ਫਲੋ ਤੇ ਵਧੋ ਅਤੇ ਧਰਤੀ ਨੂੰ ਭਰ ਦਿਓ" ਪ੍ਰਾਚੀਨ ਸਮੇਂ ਦੀ ਉਪਜਾਊ ਪੰਥਾਂ ਦੀ ਤੁਲਨਾ ਵਿੱਚ ਖੜ੍ਹਾ ਹੈ। ਇਹ ਭਰਿਸ਼ਟ ਰਸਮਾਂ ਨੇ, ਵੇਸਵਾ ਦੇ ਨੀਚ ਕੰਮਾਂ ਦੇ ਨਾਲ, ਮਨੁੱਖਜਾਤੀ, ਜਾਨਵਰਾਂ ਅਤੇ ਫਸਲਾਂ ਦੇ ਲਈ ਉਪਜਾਊਪਣ ਲਿਆਉਣ ਦੇ ਲਈ ਸੰਭੋਗ ਕਰਨ ਵਾਸਤੇ ਦੇਵਤਿਆਂ ਨੂੰ ਉਤਸ਼ਾਹਿਤ ਕਰਨਾ ਸੀ। ਅਜਿਹੇ ਪੰਥਾਂ ਵਿੱਚ ਪਰਮੇਸ਼ੁਰ ਦੀ ਜ਼ਿੰਮੇਵਾਰੀ ਅਤੇ ਅਸੀਸ ਦੇ ਸਹਿਯੋਗ ਨੇ ਨਾ ਸਿਰਫ ਇਸ ਨੂੰ ਗੈਰ-ਜ਼ਰੂਰੀ ਬਣਾਇਆ, ਪਰ ਇਹ ਇੱਕੋ ਸੱਚੇ ਰਚਨਹਾਰ ਅਤੇ ਜੀਵਨ ਨੂੰ ਸੰਭਾਲ ਕੇ ਰੱਖਣ ਵਾਲੇ ਵੱਲੋਂ ਤੋਂ ਮੂਰਤੀਪੂਜਾ ਦੀਆਂ ਉਨ੍ਹਾਂ ਅਪਮਾਨਜਨਕ ਰੀਤਾਂ ਵੱਲ ਮੁੜਨਾ ਜੋ ਆਦਮੀ ਵਿੱਚ ਪਰਮੇਸ਼ੁਰ ਦੇ ਸਰੂਪ ਨੂੰ ਖਰਾਬ ਕਰਦੀਆਂ ਹਨ ਬੇਪਰਤੀਤੀ ਅਤੇ ਪਾਪ ਦਾ ਆਖ਼ਰੀ ਚਿੰਨ੍ਹ ਵੀ ਹੈ। ਅਜਿਹੀਆਂ ਭਰਿਸ਼ਟ ਰੀਤਾਂ ਦੀ ਤੁਲਨਾ ਵਿੱਚ, ਇੱਕ ਮਰਦ ਅਤੇ ਇੱਕ ਔਰਤ ਦਾ ਵਿਆਹ ਆਦ ਤੋਂ ਹੀ ਮਨੁੱਖਜਾਤੀ ਦੇ ਲਈ ਪਰਮੇਸ਼ੁਰ ਦਾ ਤੋਹਫ਼ਾ ਸੀ ਅਤੇ ਇਹ ਉਨ੍ਹਾਂ ਅਤੇ ਉਨ੍ਹਾਂ ਦੀ ਸੰਤਾਨ ਉੱਤੇ ਇੱਕ ਖ਼ਾਸ ਅਸੀਸ ਨਾਲ ਆਇਆ ਸੀ।

ਅਸੀਸ ਦੀ ਧਾਰਣਾ ਨੂੰ ਹਲਕੇ ਵਿੱਚ ਨਹੀਂ ਲਿਆ ਜਾਣਾ ਚਾਹੀਦਾ। ਇਹ ਉਤਪਤ ਦਾ ਕੇਂਦਰੀ ਵਿਸ਼ਿਆਂ ਵਿੱਚੋਂ ਇੱਕ ਹੈ। ਮੁੱਖ ਰੂਪ ਵਿੱਚ, ਇਸ ਅਸੀਸ ਦਾ ਸੰਬੰਧ ਸੰਤਾਨ ਨਾਲ, ਧਰਤੀ ਨੂੰ ਉਪਜਾਊਪਣ ਦੇ ਨਾਲ ਭਰਨ ਨਾਲ ਸੀ; ਪਰ ਪਹਿਲਾਂ ਤੋਂ ਆਦਮੀ ਦਾ "ਬੀਜ" ਅਸੀਸ ਨਾਲ ਜੁੜਿਆ ਹੋਇਆ ਸੀ। ਬਦਲੇ ਵਿੱਚ, ਇਹ ਧਾਰਣਾ ਉਤਪਤ ਦੀ ਬਾਕੀ ਦੀ ਬਚੀ ਕਹਾਣੀ ਤੇ ਹਾਵੀ ਹੁੰਦੀ ਹੈ। ਕਾਫੀ ਵਿਅਕਤੀਆਂ ਨੂੰ ਅਸੀਸ ਦਿੱਤੀ ਗਈ ਸੀ - ਨਾ ਸਿਰਫ ਉਨ੍ਹਾਂ ਦੇ ਆਪਣੇ ਆਪ ਦੇ ਲਈ, ਪਰ ਪਰਮੇਸ਼ੁਰ ਦੀਆਂ ਚੰਗਾਂ ਦਾਤਾਂ ਦੇ ਵਾਹਕਾਂ ਦੇ ਰੂਪ ਵਿੱਚ ਸਾਰੇ ਸੰਸਾਰ ਦੀ ਸੇਵਾ ਕਰਨ ਦੇ ਲਈ।

ਧਰਤੀ ਨੂੰ ਪ੍ਰਜਨਨ ਦੀ ਕਿਰਿਆ ਰਾਹੀਂ ਭਰਨ ਤੋਂ ਇਲਾਵਾ, ਨਰ ਅਤੇ ਨਾਰੀ ਲਈ ਪਰਮੇਸ਼ੁਰ ਦਾ ਦੂਜਾ ਹੁਕਮ ਇਹ ਸੀ ਕਿ **. . . ਸਮੁੰਦਰ ਦੀਆਂ ਮੱਛੀਆਂ ਉੱਤੇ ਅਤੇ ਅਕਾਸ਼ ਦਿਆਂ ਪੰਛੀਆਂ ਉੱਤੇ . . . ਸਾਰੀ ਧਰਤੀ ਉੱਤੇ ਅਤੇ ਧਰਤੀ ਪੁਰ ਸਾਰੇ ਘਿੱਸਰਨ ਵਾਲਿਆਂ ਉੱਤੇ ਰਾਜ ਕਰੋ** (ਵੇਖੋ 1:26)। ਅਨੁਵਾਦ ਕੀਤਾ ਗਿਆ ਪਹਿਲਾ ਸ਼ਬਦ "ਰਾਜ ਕਰੋ" כָּבַשׁ (*ਕਾਬਾਸ਼*) ਹੈ, ਜਿਹੜਾ ਧਰਤੀ ਦਾ ਹਵਾਲਾ ਦਿੰਦਾ ਹੈ ਅਤੇ ਸੁਝਾਅ ਦਿੰਦਾ ਹੈ ਕਿ ਉਹ ਰਾਜ ਜੋ ਕੀਤਾ ਜਾਣਾ ਸੀ

ਉਸ ਵਿੱਚ ਸ਼ਕਤੀ ਅਤੇ ਪ੍ਰਤੀਰੋਧ ਸ਼ਾਮਲ ਹੋਵੇਗਾ।[18]

ਇਸ ਤਰੀਕੇ ਨਾਲ *ਕਾਬਾਸ਼* ਦੀ ਵਰਤੋਂ ਬਾਈਬਲ ਦੇ ਕਈ ਬੰਦਾਂ ਵਿੱਚ ਕੀਤੀ ਗਈ ਹੈ। ਉਦਾਹਰਣ ਦੇ ਲਈ, ਅਹਸ਼ਵੇਰੋਸ਼ ਪਾਤਸ਼ਾਹ ਨੇ ਸੋਚਿਆ ਕਿ ਹਾਮਾਨ ਉਸ ਦੀ ਪਤਨੀ, ਰਾਣੀ ਅਸਤਰ ਤੇ ਹਮਲਾ (ਬਲਾਤਕਾਰ) ਕਰਨ ਦੀ ਕੋਸ਼ਿਸ਼ ਕਰ ਰਿਹਾ ਸੀ (ਅਸਤਰ 7:8)। ਇਸ ਸ਼ਬਦ ਵਿੱਚ ਸੈਨਾ ਦੀ ਜਿੱਤ ਅਤੇ ਕਨਾਨੀ ਸ਼ਹਿਰਾਂ ਨੂੰ ਹਰਾਉਣ ਦਾ ਸੰਦਰਭ ਵੀ ਹੈ (ਗਿਣਤੀ 32:22; ਯਹੋਸ਼ੁਆ 18:1)। ਇਸ ਤੋਂ ਇਲਾਵਾ, ਇਹ ਯਹੂਦੀ ਲੋਕਾਂ ਦਾ ਵਰਣਨ ਕਰਦਾ ਹੈ ਜਿਨ੍ਹਾਂ ਨੂੰ ਗੁਲਾਮੀ ਦੇ ਅਧੀਨ ਕੀਤਾ ਜਾ ਰਿਹਾ ਸੀ (2 ਇਤਹਾਸ 28:10; ਨਹਮਯਾਹ 5:5; ਯਿਰਮਿਯਾਹ 34:11)।

ਹਾਲਾਂਕਿ *ਕਾਬਾਸ਼* ਕਿਰਿਆ ਵਿੱਚ ਅਕਸਰ ਮਨੁੱਖੀ ਰਿਸ਼ਤਿਆਂ ਵਿੱਚ ਜ਼ਬਰਦਸਤੀ ਸ਼ਾਮਲ ਹੁੰਦੀ ਹੈ, ਉਤਪਤ ਦੇ ਸੰਦਰਭ ਵਿੱਚ ਲੋਕਾਂ ਦਾ ਗੁਲਾਮ ਬਣਨਾ ਨਹੀਂ ਪਰ ਧਰਤੀ ਦਾ ਗੁਲਾਮ ਬਣਨਾ ਸ਼ਾਮਲ ਹੁੰਦਾ ਹੈ। ਉਤਪਤ 1:28 ਵਿੱਚ ਇਹ ਅਰਥ ਪ੍ਰਤੀਤ ਹੁੰਦਾ ਹੈ ਕਿ ਧਰਤੀ ਆਦਮੀ ਦੀ ਇੱਛਾ ਪ੍ਰਤੀ ਅਸਾਨੀ ਨਾਲ ਜਵਾਬ ਨਹੀਂ ਦੇਵੇਗਾ; ਉਸ ਨੂੰ ਆਪਣੀ ਤਾਕਤ ਨਾਲ ਰਚਨਾ ਨੂੰ ਅਧੀਨਗੀ ਵਿੱਚ ਲਿਆਉਣਾ ਪਵੇਗਾ। ਵਿਕਟਰ ਪੀ. ਹੈਮਿਲਟਨ ਨੇ ਸੋਚਿਆ ਕਿ ਇੱਥੇ ਜਿਸ ਚੀਜ਼ ਦਾ ਹਵਾਲਾ ਦਿੱਤਾ ਗਿਆ ਹੈ ਉਹ 2:5, 15 ਵਿੱਚ ਜਮੀਨ ਦੇ ਵਾਹੁਣ ਅਤੇ ਇਸ ਦੀ ਸੰਭਾਲ ਕਰਨ ਦੇ ਵਿਚਾਰ ਦੀ ਤੁਲਨਾ ਵਿੱਚ "ਵੱਸਣਾ ਅਤੇ ਖੇਤੀਬਾੜੀ" ਹੈ।[19]

ਮਨੁੱਖਜਾਤੀ ਨੂੰ ਪਰਮੇਸ਼ੁਰ ਦੀ ਨਸੀਹਤ ਦਾ ਅਗਲਾ ਹਿੱਸਾ ਇਹ ਸੀ ਕਿ ਉਹ "ਸਮੁੰਦਰ ਦੀਆਂ ਮੱਛੀਆਂ ਉੱਤੇ . . . ਅਕਾਸ਼ ਦਿਆਂ ਪੰਛੀਆਂ ਉੱਤੇ . . . ਸਾਰੀ ਧਰਤੀ ਉੱਤੇ ਅਤੇ ਧਰਤੀ ਪੁਰ ਸਾਰੇ ਘਿੱਸਰਨ ਵਾਲਿਆਂ ਉੱਤੇ ਰਾਜ ਕਰੇ।" 1:28 ਵਿੱਚ ਉਹ ਸ਼ਬਦ ਜਿਹੜਾ ਮਨੁੱਖ ਦੇ ਇਨ੍ਹਾਂ ਸਾਰੇ ਪ੍ਰਣੀਆਂ ਉੱਤੇ ਰਾਜ ਕਰਨ ਦੇ ਬਾਰੇ ਲਾਗੂ ਕੀਤਾ ਜਾਂਦਾ ਹੈ ਉਹ רָדָה (*ਰਾਡਾਹ*) ਹੈ, ਜਿਹੜਾ ਕਿ ਆਮ ਤੌਰ ਤੇ "ਰੱਬੀ ਰਾਜ ਦੀ ਬਜਾਇ ਮਨੁੱਖੀ ਰਾਜ" ਦੇ ਲਈ ਵਰਤਿਆ ਜਾਂਦਾ ਹੈ।[20] ਇਸ ਦਾ ਇੱਕ ਉਦਾਹਰਣ ਜ਼ਬੂਰ 110:2 ਵਿੱਚ ਵੇਖਿਆ ਜਾ ਸਕਦਾ ਹੈ, ਜਿੱਥੇ ਯਹੋਵਾਹ ਨੇ ਰਾਜੇ ਨੂੰ ਸੀਯੋਨ ਵਿੱਚ ਆਪਣੇ ਵੈਰੀਆਂ ਦੇ ਵਿਚਕਾਰ ਰਾਜ (*ਰਾਡਾਹ*) ਕਰਨ ਦੇ ਲਈ ਪ੍ਰੇਰਿਤ ਕੀਤਾ। ਇਹ ਸ਼ਬਦ ਇਸਰਾਏਲ ਦੇ ਆਪਣੇ ਗੁਲਾਮ ਵੈਰੀਆਂ ਤੇ ਰਾਜ ਕਰਨ (ਯਸਾਯਾਹ 14:2) ਅਤੇ ਪਰਾਈਆਂ ਕੌਮਾਂ ਦੇ ਲਈ ਵੀ ਵਰਤਿਆ ਗਿਆ ਹੈ ਜਿਨ੍ਹਾਂ ਨੇ ਦੂਜੇ ਲੋਕਾਂ ਨੂੰ ਵੱਸ ਵਿੱਚ ਕਰ ਲਿਆ ਅਤੇ ਉਨ੍ਹਾਂ ਨੂੰ ਉਨ੍ਹਾਂ ਦੇ ਅੱਤਿਆਚਾਰੀ ਰਾਜ ਦੇ ਅਧੀਨ ਕਰ ਦਿੱਤਾ (ਯਸਾਯਾਹ 14:6)।

*ਰਾਡਾਹ* ਇੱਕ ਸ਼ਾਹੀ ਸ਼ਬਦ ਹੈ ਜਿਸ ਦੇ ਵਿੱਚ ਲੋਕਾਂ ਤੇ ਰਾਜ ਅਤੇ ਹਕੂਮਤ ਕਰਨਾ ਸ਼ਾਮਲ ਹੈ; ਫਿਰ ਵੀ, ਪਰਮੇਸ਼ੁਰ ਨੇ ਲੋਕਾਂ ਨੇ ਅਜਿਹੇ ਇਖ਼ਤਿਆਰ ਨੂੰ ਇਸਤੇਮਾਲ ਕਰਨ ਵਿੱਚ ਕਠੋਰ ਨਹੀਂ ਸੀ ਬਣਨਾ। ਲੇਵੀਆਂ 25:43 ਵਿੱਚ, ਮਾਲਕ ਨੂੰ ਸਖਤੀ ਨਾਲ ਆਪਣੇ ਦਾਸ ਤੇ ਰਾਜ (*ਰਾਡਾਹ*) ਕਰਨ ਸਪੱਸ਼ਟ ਰੂਪ ਵਿੱਚ ਮਨ੍ਹਾ ਕੀਤਾ ਗਿਆ ਸੀ। ਸੁਲੇਮਾਨ ਨੇ ਘੱਟੋ-ਘੱਟ ਆਪਣੇ ਰਾਜ ਦੇ ਆਰੰਭਕ ਸਾਲਾਂ ਵਿੱਚ ਇਸਰਾਏਲ ਦੇ ਆਲੇ-ਦੁਆਲੇ ਦੇ ਅਧੀਨ ਕੀਤੇ ਗਏ ਰਾਜਾਂ ਤੇ ਬੜੀ ਸ਼ਾਂਤੀਪੂਰਵਕ ਰਾਜ (*ਰਾਡਾਹ)* ਕੀਤਾ ਸੀ (1 ਰਾਜਿਆਂ 4:24)। ਜ਼ਬੂਰ ਲਿਖਣ ਵਾਲੇ ਨੇ ਪ੍ਰਾਰਥਨਾ ਕੀਤੀ ਕਿ ਰਾਜ ਕਰਨ ਵਾਲਾ ਰਾਜਾ ਧਾਰਮਿਕਤਾ ਅਤੇ ਨਿਆਉਂ ਨਾਲ ਰਾਜ (*ਰਾਡਾਹ*) ਕਰੇ, ਲੋੜਵੰਦ ਅਤੇ ਦੁਖੀ ਲੋਕਾਂ ਨੂੰ ਛੁਡਾਵੇ, ਗਰੀਬਾਂ ਤੇ ਤਰਸ ਕਰੇ ਅਤੇ ਉਨ੍ਹਾਂ ਦੀਆਂ ਜਾਨਾਂ ਬਚਾਵੇ, ਲਾਚਾਰਾਂ ਨੂੰ ਅੱਤਿਆਚਾਰ ਤੋਂ ਬਚਾਵੇ ਅਤੇ ਉਸ ਦੇ ਅਧੀਨ ਜਿੰਨੇ ਵੀ ਲੋਕ ਹਨ ਉਨ੍ਹਾਂ ਦੇ ਲਈ ਸ਼ਾਂਤੀ ਲਿਆਵੇ (ਜ਼ਬੂਰ 72:1-3, 7, 8, 12-14)।

ਇਹ ਪਰਤੱਖ ਰੂਪ ਵਿੱਚ ਉਸ ਕਿਸਮ ਦਾ ਰਾਜ (*ਰਾਡਾਹ*) ਹੈ ਜੋ ਪਰਮੇਸ਼ੁਰ ਨੇ ਆਦ ਵਿੱਚ ਮਨੁੱਖਜਾਤੀ ਨੂੰ ਸੌਂਪਿਆ ਸੀ। ਇਹ ਕੁਦਰਤੀ ਸ੍ਰੋਤਾਂ ਦੀ ਮਨੁੱਖੀ ਵਰਤੋਂ ਨੂੰ ਜਾਇਜ਼ ਠਹਿਰਾਉਂਦਾ

ਹੈ, ਪਰ ਇਹ ਮਨੁੱਖ ਨੂੰ ਪਰਮੇਸ਼ੁਰ ਦੇ ਸੁੰਦਰ ਸੰਸਾਰ ਦੀ ਦੁਰਵਰਤੋਂ ਕਰਨ ਦਾ ਲਾਇਸੈਂਸ ਨਹੀਂ ਦਿੰਦਾ। ਮਨੁੱਖ ਨੂੰ ਹਮੇਸ਼ਾ ਇਹ ਚੇਤੇ ਕਰਾਇਆ ਜਾਣਾ ਚਾਹੀਦਾ ਹੈ ਕਿ ਹਾਲਾਂਕਿ ਉਸ ਨੂੰ ਕੁਦਰਤ ਅਤੇ ਜਾਨਵਰ ਰਾਜ ਤੋਂ ਉੱਪਰ ਰੱਖਿਆ ਗਿਆ ਹੈ, ਉਹ ਪਰਮੇਸ਼ੁਰ ਦੇ ਅਧੀਨ ਹੈ ਅਤੇ ਉਸ ਨੇ ਆਪਣੇ ਰਾਜ ਨੂੰ ਕਠੋਰ ਜਾਂ ਗਲਤ ਢੰਗ ਨਾਲ ਇਸਤੇਮਾਲ ਕਰਨ ਦੀ ਬਜਾਇ ਉਨ੍ਹਾਂ ਦੀ ਸੁੱਖ ਸਲਾਮਤੀ ਦੇ ਲਈ ਇਸਤੇਮਾਲ ਕਰਨਾ ਹੈ। ਮਨੁੱਖ ਜਿਸ ਤਰੀਕੇ ਨਾਲ ਧਰਤੀ ਅਤੇ ਇਸ ਦੇ ਪ੍ਰਾਣੀਆਂ ਤੇ ਰਾਜ ਕਰਦਾ ਹੈ ਉਸ ਤੋਂ ਪਰਮੇਸ਼ੁਰ ਦਾ ਪਰਉਪਕਾਰੀ ਚਰਿੱਤਰ (ਸਰੂਪ) ਪਰਗਟ ਹੋਣਾ ਚਾਹੀਦਾ ਹੈ। ਪਰਮੇਸ਼ੁਰ ਨੇ ਮਨੁੱਖ ਨੂੰ ਜੋ ਜ਼ਿੰਮੇਵਾਰੀ ਸੌਂਪੀ ਸੀ ਉਹ ਇਹ ਸੀ ਕਿ ਉਹ ਜਾਨਵਰਾਂ ਅਤੇ ਧਰਤੀ ਉੱਤੇ ਰਾਜ ਕਰੇ, ਪਰ ਮਨੁੱਖ ਨੂੰ ਚਾਹੀਦਾ ਹੈ ਕਿ ਉਹ ਇੱਕ ਵਫ਼ਾਦਾਰ ਮੁਖ਼ਤਿਆਰ ਦੀ ਤਰ੍ਹਾਂ ਜਿਹੜਾ ਆਪਣੇ ਮਾਲਕ ਦੀ ਜਾਇਦਾਦ ਨੂੰ ਸੰਭਾਲ ਕੇ ਰੱਖਦਾ ਹੈ, ਇੱਕ ਜ਼ਿੰਮੇਵਾਰੀ ਅਤੇ ਤਰਸ ਦੇ ਭਾਵ ਨਾਲ ਉਨ੍ਹਾਂ ਦੇ ਰਾਜ ਕਰੇ।

**ਮਨੁੱਖਜਾਤੀ ਅਤੇ ਜਾਨਵਰਾਂ ਦੇ ਲਈ ਪਰਮੇਸ਼ੁਰ ਦੇ ਭੋਜਨ ਦੇ ਪ੍ਰਬੰਧ (1:29, 30)**

**[29]ਅਤੇ ਪਰਮੇਸ਼ੁਰ ਨੇ ਆਖਿਆ, ਵੇਖੋ ਮੈਂ ਤੁਹਾਨੂੰ ਹਰ ਬੀ ਵਾਲਾ ਸਾਗ ਪੱਤ ਜਿਹੜਾ ਸਾਰੀ ਧਰਤੀ ਦੇ ਉੱਤੇ ਹੈ ਤੇ ਹਰ ਬਿਰਛ ਜਿਹ ਦੇ ਵਿੱਚ ਉਸ ਦਾ ਬੀ ਵਾਲਾ ਫਲ ਹੈ ਦੇ ਦਿੱਤਾ। ਇਹ ਤੁਹਾਡੇ ਲਈ ਭੋਜਨ ਹੈ। [30]ਅਤੇ ਮੈਂ ਧਰਤੀ ਦੇ ਹਰ ਜਾਨਵਰ ਨੂੰ ਅਰ ਅਕਾਸ਼ ਦੇ ਹਰ ਪੰਛੀ ਨੂੰ ਅਰ ਧਰਤੀ ਪੁਰ ਹਰ ਘਿੱਸਰਨ ਵਾਲੇ ਨੂੰ ਜਿਹ ਦੇ ਵਿੱਚ ਜੀਵਣ ਦਾ ਸਾਹ ਹੈ ਖਾਣ ਲਈ ਹਰ ਪਰਕਾਰ ਦਾ ਸਾਗ ਪੱਤ ਦੇ ਦਿੱਤਾ ਅਤੇ ਓਵੇਂ ਹੀ ਹੋ ਗਿਆ।**

**ਆਇਤਾਂ 29, 30.** ਉਤਪਤ ਦੇ ਲੇਖਕ ਨੇ ਇਹ ਪੁਸ਼ਟੀ ਕਰਨ ਦੁਆਰਾ ਰਚਨਾ ਦੇ ਵਿਰਤਾਂਤ ਨੂੰ ਜਾਰੀ ਰੱਖਿਆ ਕਿ ਪਰਮੇਸ਼ੁਰ ਨੇ ਸਾਰੇ ਪ੍ਰਾਣੀਆਂ ਦੇ ਫਾਇਦੇ ਦੇ ਲਈ **ਹਰ ਬੀ ਵਾਲੇ ਸਾਗ ਪੱਤ** ਅਤੇ **ਹਰ ਬਿਰਛ ਜਿਹ ਦੇ ਵਿੱਚ ਉਸ ਦਾ ਬੀ ਵਾਲਾ ਫਲ ਹੈ** ਉਤਪਤ ਕਰਨ ਦੁਆਰਾ ਆਪਣੇ ਸਾਰੇ ਪ੍ਰਾਣੀਆਂ ਦੇ ਲਈ **ਭੋਜਨ** ਦਾ ਪ੍ਰਬੰਧ ਕੀਤਾ। ਇਹ ਕਥਨ ਖਾਸ ਮਿਸੋਪੋਤਾਮੀਯਾ ਵਿਚਾਰ ਦੀ ਤੁਲਨਾ ਵਿੱਚ ਹੈ ਜੋ ਇਹ ਦਰਸਾਉਂਦਾ ਸੀ ਕਿ ਆਦਮੀ "ਦੇਵਤਿਆਂ ਦੀ ਸੇਵਾ ਕਰਨ ਦੇ ਲਈ" ਰਚਿਆ ਗਿਆ ਸੀ,[21] ਅਰਥਤ, ਉਨ੍ਹਾਂ ਦੇ ਲਈ ਭੋਜਨ ਪ੍ਰਦਾਨ ਕਰਨ ਦੇ ਲਈ। ਇਹ ਗਿਲਗਾਮੇਸ਼ ਮਹਾਂਕਾਵਿ ਵਿੱਚ ਸਪੱਸ਼ਟ ਹੈ ਕਿਉਂਕਿ, ਮਨੁੱਖਜਾਤੀ ਨੂੰ ਨਾਸ ਕਰਨ ਦੇ ਲਈ ਦੇਵਤਿਆਂ ਦੁਆਰਾ ਹੜ੍ਹ ਭੇਜੇ ਜਾਣ ਤੋਂ ਬਾਅਦ, ਉਨ੍ਹਾਂ ਨੂੰ ਖਵਾਉਣ ਪਿਆਉਣ ਵਾਲਾ ਕੋਈ ਨਹੀਂ ਸੀ। ਕਿਹਾ ਜਾਂਦਾ ਸੀ ਕਿ ਜਦੋਂ ਉਟਨਾਪਿਸ਼ਟਮਿ (ਬਾਬਲ ਦੇ ਲੋਕਾਂ ਦਾ ਨੂਹ ਵਰਗਾ ਵਿਅਕਤੀ) ਕਿਸ਼ਤੀ ਵਿੱਚੋਂ ਬਾਹਰ ਆਇਆ ਅਤੇ ਉਸ ਨੇ ਕੁਰਬਾਨੀ ਦਿੱਤੀ, ਦੇਵਤੇ ਇੰਨੇ ਜ਼ਿਆਦਾ ਭੁੱਖੇ ਸਨ ਕਿ ਇਸ ਦੇ ਆਲੇ-ਦੁਆਲੇ "ਮੱਖੀਆਂ ਦੇ ਭੀੜ ਦੇ ਵਾਂਗ ਇਕੱਠੇ ਹੋ ਗਏ।"[22]

ਇਹ ਕਥਨ ਕਿ ਪਰਮੇਸ਼ੁਰ ਨੇ ਆਦਮੀ ਅਤੇ ਜਾਨਵਰ ਦੋਹਾਂ ਦੇ **ਖਾਣ ਲਈ ਹਰ ਪਰਕਾਰ ਦਾ ਸਾਗ ਪੱਤ ਦੇ ਦਿੱਤਾ** ਦਾ ਅਰਥ ਇਹ ਨਹੀਂ ਹੈ ਕਿ ਸਾਰੇ ਪ੍ਰਾਣੀ ਪੇੜ ਪੌਦਿਆਂ ਤੋਂ ਹੀ ਖਾਣ ਤੱਕ ਸੀਮਤ ਸਨ, ਬਲਕਿ ਇਸ ਦਾ ਅਰਥ ਇਹ ਹੈ ਕਿ "ਸਾਰੇ ਪੇੜ ਪੌਦਿਆਂ ਸਭਨਾਂ ਦੇ ਲਈ ਖਾਣ ਯੋਗ ਕੁਝ ਨਾ ਕੁਝ ਜ਼ਰੂਰ ਸੀ। ਇਹ ਸਧਾਰਣ ਹੈ ਕਿ ਸਿੱਧੇ ਤੌਰ ਤੇ ਜਾਂ ਅਸਿੱਧੇ ਤੌਰ ਤੇ ਸਾਰਾ ਜੀਵਨ ਸਾਗ ਪੱਤ ਤੇ ਨਿਰਭਰ ਕਰਦਾ ਹੈ ਅਤੇ ਇਸ ਆਇਤ ਦਾ ਸੰਬੰਧ ਇਹ ਵਿਖਾਉਣਾ ਹੈ ਕਿ ਸਭ ਪਰਮੇਸ਼ੁਰ ਦੇ ਹੱਥੋਂ ਖਾਂਦੇ ਹਨ।"[23] ਬੇਸ਼ੱਕ, ਜਦੋਂ ਤੱਕ ਜਲ ਪਰਲੋ ਨਹੀਂ ਆਈ ਤਦ ਤੱਕ ਮਾਸ ਖਾਣ ਦਾ ਵਿਸ਼ੇਸ਼ ਰੂਪ ਵਿੱਚ ਅਧਿਕਾਰ ਨਹੀਂ ਸੀ ਦਿੱਤਾ ਗਿਆ (9:2-4)। ਫਿਰ ਵੀ, ਪਰਮੇਸ਼ੁਰ ਨੇ ਇਸ ਤੋਂ ਪਹਿਲਾਂ ਵੀ ਮਾਸ ਖਾਣ ਤੋਂ ਮਨ੍ਹਾ ਨਹੀਂ ਸੀ ਕੀਤਾ। ਇਹ ਵੀ ਧਿਆਨ ਦੇਣਾ

ਚਾਹੀਦਾ ਹੈ ਕਿ ਅਦਨ ਦੇ ਬਾਗ ਵਿੱਚ ਆਦਮ ਅਤੇ ਹੱਵਾਹ ਦੇ ਪਾਪ ਕਰਨ ਤੋਂ ਬਾਅਦ ਪਰਮੇਸ਼ੁਰ ਨੇ ਉਨ੍ਹਾਂ ਦੇ ਨੰਗੇਪਣ ਨੂੰ ਢੱਕਣ ਦੇ ਲਈ ਚਮੜੀ ਦੇ ਚੋਲੇ ਬਣਾਏ (3:21)। ਉਸ ਘਟਨਾ ਤੋਂ ਸੁਭਾਵਕ ਤੌਰ ਤੇ ਇੱਕ ਸਵਾਲ ਉੱਠਦਾ ਹੈ: "ਕੀ ਪਰਮੇਸ਼ੁਰ ਨੇ ਇਸ ਪਹਿਲੇ ਜੋੜੇ ਨੂੰ ਜਾਨਵਰ (ਜਾਨਵਰਾਂ) ਦਾ ਮਾਸ ਖਾਣ ਲਈ ਦਿੱਤਾ ਸੀ?" ਜਦ ਕਿ ਇਹ ਸਵਾਲ ਬਿਨਾਂ ਉੱਤਰ ਦੇ ਹੀ ਰਿਹਾ ਹੋਵੇਗਾ, ਮੂਲ ਲਿਖਤ ਇਸ ਨੂੰ ਇੱਕ ਅਸਲੀ ਸੰਭਾਵਨਾ ਦੇ ਰੂਪ ਵਿੱਚ ਨਹੀਂ ਦੱਸਦੀ।

ਮਨੁੱਖਜਾਤੀ ਦੀ ਸ਼ੁਰੂਆਤ ਤੋਂ ਹੀ, ਪਰਮੇਸ਼ੁਰ ਅੱਗੇ ਉਸ ਦੀ ਪ੍ਰਵਾਨਗੀ ਨਾਲ ਪਰਮੇਸ਼ੁਰ ਨੂੰ ਕੁਰਬਾਨੀਆਂ ਚੜ੍ਹਾਉਣ ਦਾ ਜ਼ਿਕਰ ਕੀਤਾ ਗਿਆ ਹੈ (4:4)। ਫੇਰ, ਕੀ ਇਸ ਦਾ ਅਰਥ ਇਹ ਹੈ ਕਿ ਕੁਰਬਾਨੀ ਚੜ੍ਹਾਉਣ ਵਾਲਾ ਉਸ ਜਾਨਵਰ ਦਾ ਕੁਝ ਹਿੱਸਾ ਖਾ ਜਾਂਦਾ ਸੀ ਜੋ ਯਹੋਵਾਹ ਦੀ ਜਗਵੇਦੀ ਤੇ ਚੜ੍ਹਾਇਆ ਜਾਂਦਾ ਸੀ, ਜਿਵੇਂ ਕਿ ਅੱਗੇ ਜਾ ਕੇ ਮੂਸਾ ਦੀ ਸ਼ਰਾ ਵਿੱਚ ਇਹ ਰੀਤ ਸੀ? ਸਗੋਂ ਜਲ ਪਰਲੋ ਤੋਂ ਪਹਿਲਾਂ ਵੀ, ਪਰਮੇਸ਼ੁਰ ਨੇ ਨੂਹ ਨੂੰ ਉਨ੍ਹਾਂ "ਸ਼ੁੱਧ" ਅਤੇ "ਅਸ਼ੁੱਧ" ਜਾਨਵਰਾਂ ਵਿਚਕਾਰ ਫ਼ਰਕ ਦਰਸਾਉਣ ਦਾ ਨਿਰਦੇਸ਼ ਦਿੱਤਾ ਸੀ ਜੋ ਕਿਸ਼ਤੀ ਵਿੱਚ ਲਿਆਂਦੇ ਜਾਣੇ ਸਨ (7:2)। ਕੀ ਇਹ ਇਸ ਗੱਲ ਵੱਲ ਇਸ਼ਾਰਾ ਕਰਦਾ ਹੈ ਕਿ, ਜਿਵੇਂ ਬਾਅਦ ਵਿੱਚ ਮੂਸਾ ਦੀ ਪ੍ਰਣਾਲੀ ਅਧੀਨ ਸੀ, ਮਨੁੱਖਾਂ ਦੁਆਰਾ ਸਿਰਫ "ਸ਼ੁੱਧ" ਜਾਨਵਰ ਹੀ ਖਾਧੇ ਜਾਣੇ ਅਤੇ ਪਰਮੇਸ਼ੁਰ ਅੱਗੇ ਚੜ੍ਹਾਏ ਜਾਣੇ ਸੀ? ਵਚਨ ਵਿੱਚੋਂ ਕਿਸੇ ਸਪੱਸ਼ਟ ਕਥਨ ਤੋਂ ਬਿਨਾਂ, ਇਨ੍ਹਾਂ ਸਵਾਲਾਂ ਦਾ ਕੋਈ ਵੀ ਨਿਸ਼ਚਤ ਜਵਾਬ ਨਹੀਂ ਦਿੱਤਾ ਜਾ ਸਕਦਾ। ਇੱਕ ਅਨੁਮਾਨ ਦਾ ਤੱਤ ਰਹਿੰਦਾ ਹੋਵੇਗਾ; ਪਰ ਇਹ ਹਵਾਲੇ ਇਹ ਸੁਝਾਅ ਦਿੰਦੇ ਪ੍ਰਤੀਤ ਹੁੰਦੇ ਹਨ ਕਿ ਸੰਸਾਰ ਵਿੱਚ ਪਾਪ ਆਉਣ ਤੇ, ਪਰਮੇਸ਼ੁਰ ਨੇ ਜਾਨਵਰਾਂ ਨੂੰ ਮਾਰਨ, ਬਲੀ ਚੜ੍ਹਾਉਣ ਅਤੇ ਸੰਭਵ ਤੌਰ ਤੇ ਜਾਨਵਰਾਂ ਦੀਆਂ ਬਲੀਆਂ ਨੂੰ ਖਾਣ ਸੰਬੰਧੀ ਕੁਝ ਹਦਾਇਤਾਂ ਦਿੱਤੀਆਂ ਸਨ। ਇਨ੍ਹਾਂ ਗੱਲਾਂ ਬਾਰੇ ਨਿਸ਼ਚਤ ਜਾਣਕਾਰੀ ਜੋ ਸਾਨੂੰ ਵਚਨ ਵਿੱਚ ਲਿਖੀ ਮਿਲਦੀ ਹੈ ਉਹ ਜਲ ਪਰਲੋ ਦੇ ਬਾਅਦ ਦੇ ਸਮੇਂ ਤੋਂ ਆਉਂਦੀ ਹੈ।

### ਰਚਨਾ ਬਾਰੇ ਪਰਮੇਸ਼ੁਰ ਦਾ ਮੁਲਾਂਕਣ (1:31)

**31ਉਪਰੰਤ ਪਰਮੇਸ਼ੁਰ ਨੇ ਸਰਬੱਤ ਸਰਿਸ਼ਟ ਨੂੰ ਜਿਹ ਨੂੰ ਉਸ ਨੇ ਬਣਾਇਆ ਸੀ ਡਿੱਠਾ ਅਤੇ ਵੇਖੋ ਉਹ ਬਹੁਤ ਹੀ ਚੰਗਾ ਸੀ। ਸੋ ਸੰਝ ਤੇ ਸਵੇਰ ਛੇਵਾਂ ਦਿਨ ਹੋਇਆ।**

**ਆਇਤ 31.** ਪਰਮੇਸ਼ੁਰ ਦੀ ਪ੍ਰਸ਼ੰਸਾ ਦਾ ਫਾਰਮੂਲਾ ਉਤਪਤ 1:4, 10, 12, 18, 21, 25 ਵਿੱਚ ਵਿਅਕਤ ਕੀਤਾ ਗਿਆ ਸੀ; ਪਰ **ਛੇਵਾਂ ਦਿਨ** ਖਤਮ ਹੋਣ ਤੇ, ਉਸ ਦੀ ਸ਼ਾਨਦਾਰ ਰਚਨਾ ਦੀ ਸੰਪੂਰਨਤਾ ਤੇ ਜ਼ੋਰ ਦੇਣ ਦੇ ਲਈ ਥੋੜ੍ਹੀ ਜਿਹਾ ਸੋਧ ਕੀਤਾ ਗਿਆ ਸੀ। ਪਹਿਲਾਂ, ਉਸ ਨੇ ਉਨ੍ਹਾਂ ਵਿਸ਼ੇਸ਼ ਚੀਜ਼ਾਂ ਦੇ ਲਈ "ਚੰਗਾ" ਸ਼ਬਦ ਵਰਤਿਆ ਸੀ ਜੋ ਉਸ ਨੇ ਬਣਾਈਆਂ ਸਨ; ਪਰ ਹੁਣ ਰਚਨਹਾਰ ਪ੍ਰਭੂ ਇੱਕ ਕਦਮ ਪਿੱਛੇ ਹਟਿਆ ਅਤੇ ਉਸ ਨੇ **ਸਰਬੱਤ ਨੂੰ ਜਿਹ ਨੂੰ ਉਸ ਨੇ ਬਣਾਇਆ ਸੀ ਡਿੱਠਾ**। ਬੜੇ ਜੋਸ਼ ਨਾਲ, ਉਸ ਨੇ ਸਰਬੱਤ ਨੂੰ ਸਿਰਫ "ਚੰਗਾ" ਨਹੀਂ ਪਰ **ਬਹੁਤ ਹੀ ਚੰਗਾ** ਆਖਿਆ।

ਮਨੁੱਖਜਾਤੀ ਦੀ ਰਚਨਾ (*ਆਦਮ*, ਨਰ ਅਤੇ ਨਾਰੀ ਸਮੇਤ) ਤੋਂ ਬਾਅਦ ਪਰਮੇਸ਼ੁਰ ਦੁਆਰਾ ਗੁਣਾਤਮਕ ਮੁੱਲਾਂਕਣ ਜੋ ਕੀਤਾ ਗਿਆ ਹੈ ਉਹ ਇਸ ਸੀ ਕਿ ਇਹ "ਬਹੁਤ ਹੀ ਚੰਗਾ" ਹੈ। ਆਦਮੀ ਪਰਮੇਸ਼ੁਰ ਦੀਆਂ ਉਨ੍ਹਾਂ ਸਾਰੀਆਂ ਚੀਜ਼ਾਂ ਵਿੱਚੋਂ ਸਭ ਤੋਂ ਸਰੇਸ਼ਟ ਸੀ ਜੋ ਪਰਮੇਸ਼ੁਰ ਨੇ ਬਣਾਈਆਂ ਸਨ ਕਿਉਂਕਿ ਸਿਰਫ ਆਦਮੀ ਵਿੱਚ ਹੀ ਰਚਨਹਾਰ ਦਾ ਸਰੂਪ ਅਤੇ ਧਰਤੀ ਉੱਤੇ ਉਸ ਦੇ ਨੁਮਾਇੰਦੇ ਹਨ (1:26-28)। "ਬਹੁਤ ਹੀ ਚੰਗਾ ਹੈ" ਮੁੱਲਾਂਕਣ ਵਿੱਚ ਆਦਮੀ ਦਾ ਸ਼ਾਮਲ ਕੀਤਾ ਜਾਣਾ ਮਨੁੱਖਾਂ ਬਾਰੇ ਇੱਕ ਬਹੁਤ ਹੀ ਉੱਚੇ ਵਿਚਾਰ ਨੂੰ ਪੇਸ਼ ਕਰਦਾ ਹੈ, ਜਿਵੇਂ ਕਿ

ਉਹ ਅਸਲ ਵਿੱਚ ਬਣਾਇਆ ਗਿਆ ਸੀ ਅਤੇ ਇਹ ਪ੍ਰਾਚੀਨ ਮਿਸੋਪੋਤਾਮਿਆ ਵਿੱਚ ਮਨੁੱਖ ਬਾਰੇ ਬਹੁਤ ਹੀ ਨੀਵੇਂ ਵਿਚਾਰ ਦੀ ਤੁਲਨਾ ਵਿੱਚ ਖੜ੍ਹਾ ਹੈ।

ਬਾਬਲ ਰਚਨਾ ਮਹਾਂਕਾਵਿ ਵਿੱਚ, ਮਰਦੂਕ, ਦੇਵਤਿਆਂ ਦੇ ਰਾਜਾ ਨੇ ਇਹ ਕਹਿੰਦੇ ਹੋਏ "'ਆਦਮੀ' ਉਸ ਦਾ ਨਾਮ ਹੋਵੇਗਾ 'ਵਹਿਸ਼ੀ' ਬਣਨ ਦਾ ਫ਼ੈਸਲਾ ਕਰ ਲਿਆ ਸੀ। ਅਸਲ ਵਿੱਚ, ਮੈਂ ਵਹਿਸ਼ੀ ਆਦਮੀ ਪੈਦਾ ਕਰਾਂਗਾ।" ਇਸ ਵਿਰਤਾਂਤ ਵਿੱਚ, ਕਿਹਾ ਜਾਂਦਾ ਸੀ ਕਿ ਆਦਮੀ "ਵਹਿਸ਼ੀ" ਉਤਪਤ ਕੀਤਾ ਗਿਆ ਸੀ ਕਿਉਂਕਿ ਉਹ ਕਿੰਗੂ ਦੇ ਲਹੂ ਤੋਂ ਬਣਾਇਆ ਗਿਆ ਸੀ, ਜੋ ਸਾਰੇ ਦੇਵਤਿਆਂ ਵਿੱਚੋਂ ਬੱਦਤਰ ਸੀ।[24] ਪ੍ਰਾਚੀਨ ਮਿਸੋਪੋਤਾਮਿਆ ਅਤੇ ਉਤਪਤ ਦੇ ਸਾਹਿਤ ਵਿਚਕਾਰ ਤੁਲਨਾ ਸਪੱਸ਼ਟ ਹੈ: ਪਹਿਲੇ ਵਿਰਤਾਂਤ ਵਿੱਚ, ਆਦਮੀ ਵਹਿਸ਼ੀ ਦੇ ਰੂਪ ਵਿੱਚ ਵਹਿਸ਼ੀ ਦੇਵਤਾ ਕਿੰਗੂ ਤੋਂ ਆਇਆ ਸੀ, ਜਿਹੜਾ ਦੂਜੇ ਦੇਵਤਿਆਂ ਦੇ ਵਿਰੁੱਧ ਯੁੱਧ ਕਰਦਾ ਮਾਰਿਆ ਗਿਆ ਸੀ ਜਿਸ ਦੀ ਅਗਵਾਈ ਮਰਦੂਕ ਦੁਆਰਾ ਕੀਤੀ ਗਈ ਸੀ। ਉਤਪਤ ਦੇ ਵਿਰਤਾਂਤ ਵਿਚ, ਆਦਮੀ-ਪਰਮੇਸ਼ੁਰ ਦੇ ਸਰੂਪ ਉੱਤੇ ਬਣਾਇਆ ਗਿਆ - ਰਚਨਾ ਦਾ ਹਿੱਸਾ ਸੀ ਜਿਸ ਨੂੰ ਪਰਮੇਸ਼ੁਰ ਨੇ "ਬਹੁਤ ਹੀ ਚੰਗਾ" ਆਖਿਆ ਸੀ ਅਤੇ ਉਹ ਪਵਿੱਤਰ ਅਤੇ ਪ੍ਰੇਮੀ ਪਰਮੇਸ਼ੁਰ ਦੇ ਦੁਆਰਾ ਬਣਾਇਆ ਗਿਆ ਸੀ, ਜਿਹੜਾ ਉਸ ਨੂੰ ਸਿਰਫ ਅਸੀਸ ਦੇਣਾ ਅਤੇ ਉਸ ਦੇ ਨਾਲ ਸਾਰੀਆਂ ਚੰਗੀਆਂ ਚੀਜ਼ਾਂ ਸਾਂਝੀਆਂ ਕਰਨਾ ਚਾਹੁੰਦਾ ਸੀ। ਇਹ ਉਤਪਤ ਦੀ ਪੁਸਤਕ ਵਿੱਚ ਰਚਨਾ ਦੇ ਛੇ ਦਿਨਾਂ ਦੀ ਕਹਾਣੀ ਹੈ।

# ਪ੍ਰਾਸੰਗਿਕਤਾ

**ਰਚਨਹਾਰ ਪਰਮੇਸ਼ੁਰ (ਅਧਿਆਇ 1)**

*ਉਤਪਤ ਦੀ ਪੁਸਤਕ ਪਰਮੇਸ਼ੁਰ ਦਾ ਰਚਨਹਾਰ ਵਜੋਂ ਪਰਚਾਰ ਕਰਨ ਦੇ ਦੁਆਰਾ ਨਿਹਚਾ ਦੇ ਲਈ ਇੱਕ ਆਧਾਰ ਪ੍ਰਦਾਨ ਕਰਦੀ ਹੈ।* ਇਹ ਪਰਮੇਸ਼ੁਰ ਦੀ ਹੋਂਦ ਦੇ ਲਈ ਭਾਵਵਾਚਕ ਦਲੀਲਾਂ ਨਾਲ ਸ਼ੁਰੂ ਨਹੀਂ ਹੁੰਦੀ, ਜਿਵੇਂ ਕਿ ਹੋਰ ਪੁਸਤਕਾਂ ਧਰਮ ਦੀ ਫਿਲਾਸਫੀ ਦੇ ਨਾਲ ਸ਼ੁਰੂ ਹੁੰਦੀਆਂ ਹਨ। ਨਾ ਹੀ ਇਹ ਵਿਗਿਆਨਕ ਅੰਕੜੇ ਜਾਂ ਪ੍ਰਯੋਗਾਂ ਨੂੰ ਪੇਸ਼ ਕਰਦੀ ਹੈ ਜੋ ਇੱਕ ਇਹ ਸਾਬਤ ਕਰਨ ਦੇ ਲਈ ਵਰਤ ਸਕਦਾ ਹੈ ਕਿ ਪਰਮੇਸ਼ੁਰ ਹੈ ਜਾਂ ਇਹ ਕਿ ਉਸ ਨੇ ਸੰਸਾਰ ਨੂੰ ਅਤੇ ਜਿੰਨੇ ਵੀ ਪ੍ਰਾਣੀ ਇਸ ਸੰਸਾਰ ਵਿੱਚ ਹਨ ਸਭਨਾਂ ਨੂੰ ਬਣਾਇਆ ਹੈ। ਬਾਈਬਲ ਸ਼ਾਨਦਾਰ ਬਹੁਦੇਵਵਾਦੀ ਪੁਰਾਣਕ ਕਥਾ ਤੇ ਸਾਹਮਣਿਓਂ ਹਮਲੇ ਨਾਲ ਸ਼ੁਰੂ ਨਹੀਂ ਹੁੰਦੀ ਜੋ ਪ੍ਰਾਚੀਨ ਉੱਤਰ ਪੂਰਬ ਵਿੱਚ ਪ੍ਰਚਲਿਤ ਸੀ। ਇਹ ਇੱਕੋ ਪ੍ਰਭੂ ਪਰਮੇਸ਼ੁਰ ਵਿੱਚ ਨਿਹਚਾ ਦੀ ਘੋਸ਼ਣਾ ਨਾਲ ਸ਼ੁਰੂ ਹੁੰਦੀ ਹੈ ਜਿਸ ਨੇ ਅਕਾਸ਼ ਅਤੇ ਧਰਤੀ ਅਤੇ ਸਾਰੇ ਜੀਉਂਦੇ ਪ੍ਰਾਣੀਆਂ - ਖਾਸ ਕਰਕੇ ਆਦਮੀ - ਨੂੰ ਬਣਾਇਆ ਹੈ ਕਿਉਂਕਿ ਉਹ ਇੱਕ ਭਲਾ ਪਰਮੇਸ਼ੁਰ ਹੈ ਜਿਹੜਾ ਆਪਣੀ ਰਚਨਾ ਨੂੰ ਸਿਰਫ ਬਰਕਤ ਦੇਣਾ ਚਾਹੁੰਦਾ ਹੈ।

ਕੁਝ ਇਸ ਦ੍ਰਿਸ਼ਟੀਕੋਣ ਨੂੰ ਇੱਕ ਕਮਜ਼ੋਰੀ ਦੇ ਰੂਪ ਵਿੱਚ ਵੇਖ ਸਕਦੇ ਹਨ ਕਿਉਂਕਿ ਇਹ ਨਿਹਚਾ ਨੂੰ ਸਭ ਤੋਂ ਅੱਗੇ ਰੱਖਦਾ ਹੈ ਅਤੇ ਤਰਕ ਅਤੇ ਵਿਗਿਆਨਕ ਗਿਆਨ ਨੂੰ ਠੁਕਰਾਉਂਦਾ ਮਲੂਮ ਹੁੰਦਾ ਹੈ। ਫਿਰ ਵੀ, ਅਸਲ ਵਿੱਚ, ਇਹ ਮਨੁੱਖੀ ਤਰਕ ਅਤੇ ਸੁਭਾਵਕ ਪੂਰਵ ਧਾਰਣਾਵਾਂ ਜੋ ਵਿਗਿਆਨ ਦੇ ਪਿੱਛੇ ਖੜ੍ਹੀਆਂ ਹੁੰਦੀਆਂ ਅਤੇ ਪਰਮੇਸ਼ੁਰ ਜਾਂ ਰਚਨਾ ਬਾਰੇ ਕਿਸੇ ਨਿਸ਼ਚਤ ਸੱਚਾਈ ਤੇ ਕਦੇ ਨਹੀਂ ਪਹੁੰਚਦੀਆਂ ਅੰਨ੍ਹੀ ਨਿਹਚਾ ਨੂੰ ਸਿਰਫ ਸ਼ਾਮਲ ਨਹੀਂ ਕਰਦਾ। ਦੂਜੇ ਸ਼ਬਦਾਂ ਵਿੱਚ, ਕਿਉਂਕਿ ਆਦ ਵਿੱਚ ਕੋਈ ਮਨੁੱਖੀ ਨਿਰੀਖਕ ਮੌਜੂਦ ਨਹੀਂ ਸਨ, ਜਦੋਂ ਰਚਨਾ ਹੋਈ, ਵਿਗਿਆਨਕ ਤੌਰ ਤੇ ਇਹ ਸਾਬਤ ਕੀਤਾ ਜਾ ਸਕਦਾ ਹੈ ਕਿ ਜਾਂ ਤਾਂ ਸਾਰੀਆਂ ਚੀਜ਼ਾਂ ਦੇ ਰਚਨਾ

ਦੇ ਲਈ ਪਰਮੇਸ਼ੁਰ ਜੋ ਜ਼ਿੰਮੇਵਾਰ ਸੀ ਜਾਂ ਇਹ ਸਭ ਕੁਝ ਸੰਜੋਗ ਨਾਲ ਹੋਇਆ ਸੀ। ਜੇਕਰ ਕੋਈ ਗਵਾਹ ਮੌਜੂਦ ਹੁੰਦਾ, ਤਾਂ ਵਿਗਿਆਨਕ ਸਬੂਤ ਦੇ ਵਸੀਲਿਆਂ ਦੇ ਰੂਪ ਵਿੱਚ ਰਚਨਾ ਨੂੰ ਦੁਹਰਾਉਣ ਦਾ ਕੋਈ ਕਾਰਣ ਹੀ ਨਹੀਂ ਸੀ। ਇਸ ਲਈ, ਰਚਨਾ ਅਤੇ ਸ਼ੁਰੂਆਤਾਂ ਨਿਹਚਾ ਦੀ ਸ਼੍ਰੇਣੀ ਵਿੱਚ ਰਹਿਣੀਆਂ ਚਾਹੀਦੀਆਂ ਹਨ।

*ਪਰਮੇਸ਼ੁਰ ਨੂੰ ਰਚਨਹਾਰ ਸਮਝ ਕੇ ਉਸ ਤੇ ਨਿਹਚਾ ਕਰਨਾ ਅੰਨ੍ਹੇਵਾਹ ਸੰਜੋਗ ਵਿੱਚ ਨਿਹਚਾ ਕਰਨ ਨਾਲੋਂ ਜ਼ਿਆਦਾ ਢੁਕਵਾਂ ਹੈ।* ਇਹ ਕਥਨ ਕਿ "ਆਦ ਵਿੱਚ *ਪਰਮੇਸ਼ੁਰ* ਨੇ ਅਕਾਸ਼ ਤੇ ਧਰਤੀ ਨੂੰ ਉਤਪਤ ਕੀਤਾ" (1:1; ਜ਼ੋਰ ਦਿਤਾ ਗਿਆ ਹੈ) ਬਿਨਾਂ ਕਿਸੇ ਸਬੂਤ ਦੇ ਸਪੱਸ਼ਟ ਤੌਰ ਤੇ ਨਿਹਚਾ ਦਾ ਕਥਨ ਹੈ। ਇਸੇ ਕਾਰਣ, ਕੁਝ ਲੋਕ ਮਜ਼ਾਕ ਕਰਦੇ ਅਤੇ ਕਹਿੰਦੇ ਹਨ, "ਪਰਮੇਸ਼ੁਰ ਨੂੰ ਰਚਨਹਾਰ ਸਮਝ ਕੇ ਉਸ ਤੇ ਤੁਹਾਡਾ ਨਿਹਚਾ ਕਰਨਾ ਬਿਨਾਂ ਕਿਸੇ ਸਬੂਤ ਤੋਂ ਹਨੇਰੇ ਵਿੱਚ ਕੁੱਦਣਾ ਹੈ; ਇਸ ਲਈ ਮੈਂ ਤਾਂ ਸਿਰਫ ਵਿਗਿਆਨ ਤੇ ਭਰੋਸਾ ਕਰਾਂਗਾ, ਅਰਥਾਤ ਉਸ ਚੀਜ਼ ਤੇ ਜੋ ਪ੍ਰਦਰਸ਼ਿਤ ਅਤੇ ਸਾਬਤ ਕੀਤੀ ਜਾ ਸਕਦੀ ਹੈ।" ਫਿਰ ਵੀ, ਜੇਕਰ ਇੱਕ ਵਿਅਕਤੀ ਪਰਮੇਸ਼ੁਰ ਨੂੰ ਰਚਨਹਾਰ ਦੇ ਰੂਪ ਵਿੱਚ ਠੁਕਰਾਉਂਦਾ ਹੈ, ਤਾਂ ਹੀ ਇਹ ਕਥਤ ਸੰਭਵ ਹੁੰਦਾ ਹੈ ਕਿ "ਆਦ ਵਿੱਚ *ਸੰਜੋਗ* ਨੇ ਅਕਾਸ਼ ਤੇ ਧਰਤੀ ਨੂੰ ਉਤਪਤ ਕੀਤਾ।" ਦੋਵੇਂ *ਨਿਹਚਾ* ਦੇ ਕਥਨ ਹਨ; ਦੋਹਾਂ ਨੂੰ ਵਿਗਿਆਨਕ ਤੌਰ ਤੇ ਨਾ ਤਾਂ ਸਾਬਤ ਕੀਤਾ ਜਾ ਸਕਦਾ ਹੈ ਨਾ ਹੀ ਝੂਠਾ ਠਹਿਰਾਇਆ ਜਾ ਸਕਦਾ ਹੈ। ਇਸ ਲਈ, ਇਹ ਨਿਹਚਾ ਬਨਾਮ ਗਿਆਨ (ਵਿਗਿਆਨ) ਦੀ ਗੱਲ ਨਹੀਂ ਹੈ; ਬਲਕਿ, ਸਵਾਲ ਇਹ ਹੈ ਕਿ "ਤੁਹਾਡੇ ਕੋਲ ਕਿਸ ਕਿਸਮ ਦੀ ਨਿਹਚਾ ਹੋਵੇਗੀ?" ਕਿਸ ਤੇ ਵਿਸ਼ਵਾਸ ਕਰਨਾ ਜ਼ਿਆਦਾ ਤਰਕਪੂਰਣ ਅਤੇ ਉਚਿਤ ਹੈ: ਇਹ ਕਿ ਵਿਵਸਥਾ ਸੰਜੋਗ ਨਾਲ ਅਵਿਵਸਥਾ ਵਿੱਚੋਂ ਨਿੱਕਲ ਆਈ, ਬੇਜਾਨ ਵਿੱਚ ਜਾਨ ਆ ਗਈ ਅਤੇ ਮਨੁੱਖੀ ਚੇਤਨਾ ਅਚੇਤਨਾ ਦੀ ਗੱਲ ਤੋਂ ਆਈ - ਜਾਂ ਇੱਹ ਕਿ ਰਚਨਹਾਰ ਨੇ ਜਟਿਲ ਸੰਸਾਰ ਅਤੇ ਇਸ ਦੇ ਜੀਵਨ ਰੂਪਾਂ ਨੂੰ ਬਣਾਇਆ? ਗੈਰ-ਵਿਸ਼ਵਾਸੀ ਦੇ ਲਈ ਦਿੱਕਤ ਇਹ ਹੈ ਕਿ ਮੂਲ ਜੀਵਨ ਦੀ ਅਜਿਹੀ ਘਟਨਾ ਵਿਗਿਆਨਕ ਪ੍ਰਯੋਗਾਂ ਦੁਆਰਾ ਪਰਗਟ ਨਹੀਂ ਕੀਤੀ ਗਈ ਜਾਂ ਕੁਦਰਤ ਵਿੱਚ ਇਸ ਨੂੰ ਨਹੀਂ ਵੇਖਿਆ ਗਿਆ ਨਾ ਹੀ ਕਦੇ ਵੇਖਿਆ ਜਾ ਸਕਦਾ ਹੈ। ਇਸ ਲਈ, ਜਿਹੜਾ ਵਿਅਕਤੀ *ਸੰਜੋਗ* ਵਿੱਚ ਨਿਹਚਾ ਕਰਦਾ ਹੈ ਅਸਲ ਵਿੱਚ ਉਹ ਵਿਅਕਤੀ ਹੈ ਜਿਹੜੇ ਇਹੋ ਜਿਹੀ ਧਾਰਣਾ ਤੇ ਵਿਸ਼ਵਾਸ ਕਰਦਿਆਂ ਹਨੇਰੇ ਵਿੱਚ ਅੰਨ੍ਹੇਵਾਹ ਛਾਲ ਮਾਰ ਦਿੰਦਾ ਹੈ ਜਿਸ ਨੂੰ ਵਿਗਿਆਨਕ ਸੱਚਾਈ ਦੇ ਉਲਟ ਸਮਝਿਆ ਜਾਂਦਾ ਹੈ।

*ਸੁਭਾਵਕ ਨਿਹਚਾ ਇੱਕ ਕਮਜ਼ੋਰ ਨੀਂਹ ਤੇ ਅਧਾਰਿਤ ਹੈ। ਸੰਜੋਗ* ਵਿੱਚ ਨਿਹਚਾ ਦੇ ਗੈਰ-ਵਿਗਿਆਨਕ ਸੁਭਾਅ ਨੂੰ ਇਹ ਮਿਸਾਲ ਦੇ ਕੇ ਸਮਝਾਇਆ ਗਿਆ ਹੈ: ਜੇਕਰ ਇੱਕ ਵਿਅਕਤੀ ਕੋਲ ਇੱਕ ਬਾਲਟੀ ਹੈ ਜਿਸ ਵਿੱਚ ਮਹੀਨ ਰੀਤ ਦੇ ਕਰੋੜਾਂ ਕਣ ਹਨ, ਕਿੰਨੀ ਵਾਰ ਉਸ ਨੂੰ ਇਸ ਮਹੀਨ ਰੀਤ ਨੂੰ ਫਰਸ਼ ਤੇ ਲੱਦਣ ਲਈ ਬਾਲਟੀ ਨੂੰ ਉਲੱਦਣਾ ਪਵੇਗਾ ਇਸ ਤੋਂ ਪਹਿਲਾਂ ਕਿ ਸੰਜੋਗ ਨਾਲ ਇਹ ਮਹੀਨ ਰੇਤ ਆਪਣੇ ਆਪ ਬਾਲਟੀ ਵਿੱਚੋਂ ਸਹੀ ਤਰ੍ਹਾਂ ਨਿੱਕਣ ਆਵੇ? ਇਹ ਸਵਾਲ ਪੁੱਛਣਾ ਹੀ ਇਸ ਦਾ ਜਵਾਬ ਦੇਣਾ ਹੈ ਕਿਉਂਕਿ ਕੋਈ ਵੀ ਵਿਅਕਤੀ ਗੰਭੀਰਤਾ ਨਾਲ ਨਹੀਂ ਸੋਚ ਸਕਦਾ ਕਿ ਇਹ ਕਦੇ ਹੋਵੇਗਾ, ਭਾਵੇਂ ਕਿ ਇਸ ਨੂੰ ਅੰਤ ਦੇ ਸਮੇਂ ਤੱਕ ਕਰਦੇ ਰਹਿਣ ਦੀ ਕੋਸ਼ਿਸ਼ ਕੀਤੀ ਜਾਣੇ। ਅਜਿਹੀ ਚੀਜ਼ ਦੇ ਵਿਰੁੱਧ ਵਿਵਾਦ ਇੰਨੇ ਵਿਸ਼ਾਲ ਹਨ ਕਿ ਇਸ ਦੇ ਲਈ ਇੱਕ ਪੁਸਤਕ ਦੇ ਆਕਾਰ ਦਾ ਸੰਪੂਰਣ ਸ਼ਬਦਕੋਸ਼ ਲਿਖਣ ਦੀ ਲੋੜ ਹੈ ਜਿਸ ਦੇ ਵਿੱਚ ਅੰਕ ਤੋਂ ਬਾਅਦ ਸਾਰੀਆਂ ਸਿਫਰਾਂ ਲਿਖੀਆਂ ਜਾਣ। ਕੋਈ ਵੀ ਅਸਲ ਵਿੱਚ ਅਜਿਹੀ ਘਟਨਾ ਦੇ ਹੋਣ ਦੀ ਉਮੀਦ ਨਹੀਂ ਕਰੇਗਾ; ਪਰ ਸੁਭਾਵਕ ਵਿਗਿਆਨ ਦੇ ਨਾਮ ਵਿੱਚ, ਸਾਨੂੰ ਦੱਸਿਆ ਗਿਆ ਹੈ ਕਿ ਸੰਸਾਰ ਵਿੱਚ ਵਿਵਸਥਾ ਅਤੇ ਖਾਕਾ, ਸਾਡੇ ਸੌਰ ਮੰਡਲ ਵਿੱਚ ਅਤੇ ਸਾਡੀ ਧਰਤੀ ਉੱਤੇ - ਜੀਵਨ

ਦੇ ਇਸ ਦੇ ਗੁੰਝਲਦਾਰ ਰੂਪਾਂ ਦੇ ਨਾਲ - ਸਿਰਫ *ਸੰਜੋਗ* ਦੇ ਨਤੀਜੇ ਤੋਂ ਇਲਾਵਾ ਕੁਝ ਨਹੀਂ ਹੈ। ਇਸ ਅੰਨ੍ਹੀ ਨਿਹਚਾ ਦਾ ਕੋਈ ਅਰਥ ਨਹੀਂ ਹੈ ਕਿਉਂਕਿ ਇਹ ਉਸ ਹਰੇਕ ਚੀਜ਼ ਦੇ ਉਲਟ ਹੈ ਜੋ ਅਸੀਂ ਵੇਖਦੇ ਅਤੇ ਇਸ ਜੀਵਨ ਵਿੱਚ ਆਪਣੀਆਂ ਗਿਆਨ ਇੰਦਰੀਆਂ ਦੇ ਨਾਲ ਅਨੁਭਵ ਕਰਦੇ ਹਾਂ।

ਕੀ ਹੋਵੇਗਾ ਜੇਕਰ ਸੰਜੋਗ ਨਾਲ ਕਬਾੜ ਵਾਲੀ ਦੁਕਾਨ ਤੇ ਫਿਸਫੋਟ ਹੋ ਜਾਂਦਾ ਹੈ ਅਤੇ ਜਦੋਂ ਧੂੜ ਵਗੈਰਾ ਸਾਫ਼ ਕੀਤੀ ਜਾਂਦੀ ਹੈ ਤਾਂ ਵੇਖੋ, ਕਬਾੜ ਦੇ ਛੋਟੇ ਮੋਟੇ ਟੁਕੜਿਆਂ ਦੀ ਬਜਾਇ, ਕਿਸੇ ਨੂੰ ਇੱਕ ਕੰਪਿਊਟਰ ਅਤੇ ਮੋਨੀਟਰ ਮਿਲਦਾ ਹੈ? ਛਾਣਬੀਨ ਕਰਨ ਤੇ, ਜੇਕਰ ਇਹ ਪਤਾ ਲੱਗਦਾ ਹੈ ਕਿ ਇਸ ਦੇ ਵਿੱਚ ਹਾਰਡ ਡਰਾਈਵ ਅਤੇ ਮੈਮਰੀ, ਆਪਰੇਟਿੰਗ ਸਿਸਟਮ ਅਤੇ ਪੇਚੀਦਾ ਪ੍ਰੋਗਰਾਮ ਮਿਲੇ ਹਨ ਤਾਂ ਕੀ ਹੋਵੇਗਾ? ਜੇਕਰ ਨਿਰੀਖਕ ਕਬਾੜ ਵਾਲੀ ਦੁਕਾਨ ਦੇ ਮਾਲਕ ਨੂੰ ਪੁੱਛਦਾ ਹੈ ਕਿ "ਇਹ ਕੰਪਿਊਟਰ ਕਿੱਥੋਂ ਆਇਆ ਹੈ? ਇਸ ਨੂੰ ਕਿਸੇ ਬਣਾਇਆ ਹੈ? ਇਹ ਇੱਥੇ ਕਿਵੇਂ ਪਹੁੰਚਿਆ ਹੈ?" ਉਹ ਨਿਸ਼ਚਤ ਤੌਰ ਤੇ ਦੁਕਾਨ ਦੇ ਮਾਲਕ ਦੀ ਗੱਲ ਤੇ ਵਿਸ਼ਵਾਸ ਨਹੀਂ ਕਰੇਗਾ ਜੇਕਰ ਉਹ ਇਹ ਜਵਾਬ ਦਿੰਦਾ ਹੈ ਕਿ "ਮੈਨੂੰ ਨਹੀਂ ਪਤਾ ਕਿ ਇਹ ਇੱਥੇ ਕਿਵੇਂ ਪਹੁੰਚਿਆ ਹੈ? ਮੈਂ ਇਹ ਗੱਲ ਦਾ ਕੋਈ ਸਬੂਤ ਨਹੀਂ ਵੇਖਦਾ ਕਿ ਕਿਸੇ ਨੇ ਇਸ ਨੂੰ ਬਣਾਇਆ ਹੈ। ਇਹ ਸ਼ਾਇਦ ਫਿਸਫੋਟ ਹੋਣ ਦੇ ਕਾਰਣ ਸੰਜੋਗ ਨਾਲ ਹੋ ਗਿਆ ਹੈ।" ਇੱਕ ਵਾਰ ਫੇਰ, ਕੋਈ ਵੀ ਬੁੱਧੀਮਾਨ ਵਿਅਕਤੀ ਇਹ ਵਿਸ਼ਵਾਸ ਨਹੀਂ ਕਰੇਗਾ ਕਿ ਅਜਿਹੀ ਕੁਝ ਹੋ ਸਕਦਾ ਹੈ, ਭਾਵੇਂ ਸਮੇਂ ਦੇ ਅੰਤ ਤੱਕ ਸੰਸਾਰ ਦੀਆਂ ਸਾਰੀਆਂ ਕਬਾੜ ਦੀਆਂ ਦੁਕਾਨਾਂ ਵਿੱਚ ਫਿਸਫੋਟ ਹੋ ਜਾਣ। ਜਟਿਲ ਅਵਸਥਾ ਬੇਕਾਬੂ ਉਤਪ-ਪੁੱਥਲ ਵਿੱਚੋਂ ਕਦੇ ਨਹੀਂ ਆ ਸਕਦੀ। ਬਲਕਿ, ਇਹ ਬੁੱਧੀਮਾਨ ਖਾਕੇ ਅਤੇ ਸਾਵਧਾਨ ਸਤ੍ਰਕ ਤੋਂ ਆਉਂਦਾ ਹੈ। ਇਹ ਗੱਲ ਕੰਪਿਊਟਰ ਅਤੇ ਇਸ ਦੇ ਪ੍ਰੋਗਰਾਮਾਂ ਦੇ ਸੰਦਰਭ ਵਿੱਚ ਅਕਾਸ਼ ਅਤੇ ਧਰਤੀ ਅਤੇ ਇਸ ਦੇ ਵਿੱਚ ਪਾਏ ਜਾਣ ਵਾਲੇ ਹਰ ਪ੍ਰਕਾਰ ਦੀ ਜੀਵਨ ਬਾਰੇ ਵੀ ਸੱਚ ਹੈ।

ਜ਼ਬੂਰ ਲਿਖਣ ਵਾਲੇ ਨੇ ਦਰਸਾਇਆ ਕਿ "ਮੈਂ ਭਿਆਣਕ ਰੀਤੀ ਤੇ ਅਚਰਜ ਹਾਂ" (139:14); ਫਿਰ ਵੀ, ਕੋਈ ਵੀ ਵਿਅਕਤੀ 1990 ਤੱਕ ਪੂਰੀ ਤਰ੍ਹਾਂ ਇਹ ਕਲਪਨਾ ਨਹੀਂ ਸੀ ਕਰ ਸਕਿਆ ਕਿ ਇਹ ਕਥਾ ਕਿੰਨਾ ਕੁ ਸੱਚਾ ਹੈ, ਜਦੋਂ ਤੱਕ ਵਿਗਿਆਨੀ ਅੰਤ ਵਿੱਚ ਮਨੁੱਖੀ ਜੀਨਾਂ ਦੇ ਤਿੰਨ ਅਰਬ ਕੋਡਾਂ ਦਾ ਪਤਾ ਲਗਾਉਣ ਵਿੱਚ ਸਮਰੱਥ ਨਹੀਂ ਹੋਏ। ਮਨੁੱਖੀ ਜੀਵਨ ਮਾਂ ਦੀ ਕੁੱਖ ਵਿੱਚ ਉਪਜਾਊ ਕੋਸ਼ਿਕਾ ਨਾਲ ਸ਼ੁਰੂ ਹੁੰਦਾ ਹੈ। ਕੋਸ਼ਿਕਾ ਦੀ ਜਟਿਲਤਾ ਅਤੇ ਹਰੇਕ ਵਿੱਚ ਨਾ ਸਮਝਣਯੋਗ ਦੀ ਜਾਣਕਾਰੀ ਨੇ ਮਾਈਕਰੋਸਾਫਟ ਕਾਰਪਰੇਸ਼ਨ ਦੇ ਸੰਸਥਾਪਕ ਬਿਲ ਗੇਟਸ ਨੂੰ ਇਹ ਕਹਿਣ ਦੇ ਲਈ ਮਜ਼ਬੂਰ ਕਰ ਦਿੱਤਾ ਕਿ "ਡੀਐਨਏ ਇੱਕ ਸਾਫਟਵੇਅਰ ਪ੍ਰੋਗਰਾਮ ਦੇ ਵਾਂਗ ਹੈ, ਕਿਸੇ ਵੀ ਚੀਜ਼ ਨਾਲੋਂ ਜ਼ਿਆਦਾ ਗੁੱਝਲਦਾਰ ਜਿਸ ਨੂੰ ਅੱਜ ਤੱਕ ਅਸੀਂ ਈਜਾਦ ਕੀਤਾ ਹੈ।"[25] ਬੇਸ਼ੱਕ, ਕੋਈ ਵੀ ਇਹ ਸੁਝਾਅ ਨਹੀਂ ਦੇਵੇਗਾ ਕਿ ਗੁੰਝਲਦਾਰ ਕੰਪਿਊਟਰ ਪ੍ਰੋਗਰਾਮ ਇੱਕ ਨਿਪੁੰਨ ਪ੍ਰੋਗਰਾਮ ਦੀਆਂ ਬੁੱਧੀਮਾਨ ਯੋਜਨਾ ਤੋਂ ਬਿਨਾਂ ਸੰਜੋਗ ਨਾਲ ਹੋ ਸਕਦਾ ਸੀ, ਫਿਰ ਵੀ ਜਿਨ੍ਹਾਂ ਦਾ ਮੰਨਣਾ ਹੈ ਕਿ ਕੋਸ਼ਿਕਾ ਦਾ ਗੁੰਝਲਦਾਰ ਢਾਂਚਾ ਸੰਜੋਗ ਨਾਲ ਹੋਇਆ ਸੀ ਕੋਈ ਵੀ ਵਿਆਖਿਆ ਦੇਣ ਵਿੱਚ ਸਮਰੱਥ ਹੁੰਦੇ ਹਨ ਕਿ ਇਹ ਸਭ ਕਿਵੇਂ ਹੋਇਆ ਸੀ। ਦਰਅਸਲ, ਹਾਲਾਂਕਿ ਵਿਗਿਆਨੀ ਦਹਾਕਿਆਂ ਤੋਂ ਇੱਕ ਸੁਭਾਵਕ ਕਾਰਣ ਦੀ ਤਲਾਸ਼ ਕਰ ਰਹੇ ਹਨ ਜੋ ਜੀਵਨ ਦੀ ਹੋਂਦ ਅਤੇ ਕੋਸ਼ਿਕਾ ਵਿੱਚ ਡੀਐਨਏ ਦੀਆਂ ਗੁੰਝਲਾਂ ਦੀ ਵਿਆਖਿਆ ਕਰ ਸਕਣ, ਹੁਣ ਤੱਕ ਉਨ੍ਹਾਂ ਨੇ ਜੀਵਨ ਦੇ ਆਰੰਭ ਦੇ ਅਜਿਹੇ ਕਿਸੇ ਵਿਚਾਰ ਦਾ ਕੋਈ ਸਬੂਤ ਪੇਸ਼ ਨਹੀਂ ਕੀਤਾ।[26] ਉਹ ਆਸ ਦੇ ਵਿਰੁੱਧ ਆਸ ਕਰਨਾ ਜਾਰੀ ਰੱਖਦੇ ਹਨ ਕਿ ਇੱਕ ਦਿਨ ਇਹ ਸਾਬਤ ਹੋ ਜਾਵੇਗਾ ਕਿ "ਆਦ ਵਿੱਚ *ਸੰਜੋਗ* ਨੇ ਅਕਾਸ਼ ਤੇ ਧਰਤੀ ਨੂੰ ਉਤਪਤ ਕੀਤਾ।" ਰਚਨਹਾਰ ਵਿੱਚ ਉਨ੍ਹਾਂ ਦੀ

ਬੇਪਰਤੀਤੀ ਜੀਵਨ ਦੇ ਸੁਭਾਅ ਅਤੇ ਇਸ ਦੇ ਆਰੰਭ ਸੰਬੰਧੀ ਸਬੂਤ ਦੀ ਕਮੀ ਦੇ ਕਾਰਨ ਨਹੀਂ ਹੈ; ਬਜਾਇ ਇਸ ਦੇ, ਇਹ ਪੁਰਾਣੀ ਕਹਾਵਤ ਦਾ ਮਿਸਾਲ ਦਿੰਦੀ ਪ੍ਰਤੀਤ ਹੁੰਦੀ ਹੈ "ਕੋਈ ਉਨ੍ਹਾਂ ਜਿੰਨਾ ਅੰਨ੍ਹਾ ਨਹੀਂ ਹੈ ਜਿਹੜੇ ਨਹੀਂ ਵੇਖਣਗੇ।"

**ਆਦ ਵਿੱਚ ਪਰਮੇਸ਼ੁਰ ਅਤੇ ਉਦੇਸ਼ (ਅਧਿਆਇ 1)**

*ਰਚਨਾ ਕਰਨ ਤੋਂ ਪਹਿਲਾਂ ਮਸੀਹ ਵਿੱਚ ਪਰਮੇਸ਼ੁਰ ਦੇ ਕੋਲ ਇੱਕ ਉਦੇਸ਼ ਸੀ।* ਜਦੋਂ ਉਤਪਤ ਦੇ ਲੇਖਕ ਨੇ "ਆਦ ਵਿੱਚ" ਸ਼ਬਦ ਲਿਖੇ, ਉਸ ਦਾ ਅਰਥ ਇਹ ਨਹੀਂ ਸੀ ਕਿ ਪਿਤਾ ਪਰਮੇਸ਼ੁਰ ਤੋਂ ਇਲਾਵਾ "ਆਦ" ਤੋਂ ਪਹਿਲਾਂ ਕੁਝ ਵੀ ਮੌਜੂਦ ਨਹੀਂ ਸੀ। ਯਿਸੂ ਨੇ, ਸਲੀਬ ਦੇ ਪਰਛਾਵੇਂ ਵਿੱਚ, ਪਿਤਾ ਦੇ ਅੱਗੇ ਪ੍ਰਾਰਥਨਾ ਕੀਤੀ ਅਤੇ ਇਹ ਕਹਿੰਦੇ ਹੋਏ ਸਿੱਟਾ ਕੱਢਿਆ, "ਤੈਂ ਮੇਰੇ ਨਾਲ ਜਗਤ ਦੀ ਨੀਉਂ ਧਰਨ ਤੋਂ ਅੱਗੇ ਹੀ ਪਿਆਰ ਕੀਤਾ" (ਯੂਹੰਨਾ 17:24)। ਇਹ ਇੱਕ ਅਜਿਹੀ ਚੀਜ਼ ਨੂੰ ਪਰਗਟ ਕਰਦਾ ਹੈ ਜੋ ਸਾਨੂੰ ਵਾਪਸ ਸਦੀਪਕਾਲ ਵਿੱਚ ਲੈ ਜਾਂਦੀ ਹੈ - "ਆਦ ਵਿੱਚ" ਸ਼ਬਦ ਤੋਂ ਪਹਿਲਾਂ ਦੇ ਪਿਛਲੇ ਵਾਕ ਵਿੱਚ। ਮਸੀਹੀ ਲੋਕਾਂ ਦਾ ਹਵਾਲਾ ਦਿੰਦਿਆਂ, ਪੌਲੁਸ ਰਸੂਲ ਨੇ ਕਿਹਾ, "ਉਹ [ਪਰਮੇਸ਼ੁਰ] ਨੇ ਸਾਨੂੰ ਜਗਤ ਦੀ ਨੀਂਹ ਧਰਨ ਤੋਂ ਅੱਗੋਂ ਹੀ ਉਸ [ਮਸੀਹ] ਵਿੱਚ ਚੁਣ ਲਿਆ" (ਅਫ਼ਸੀਆਂ 1:4)। ਇਸ ਲਈ, ਆਦ ਤੋਂ ਪਹਿਲਾਂ, ਕਿਸੇ ਸਥਿਰ ਸਥਿਤੀ ਨਾਲੋਂ ਹੋਰ ਕੋਈ ਚੀਜ਼ ਮੌਜੂਦ ਸੀ। ਇੱਕ ਚੋਣ ਕੀਤੀ ਗਈ ਸੀ ਅਤੇ ਇਸ ਦੇ ਵਿੱਚ ਯਿਸੂ ਮਸੀਹ ਦੇ ਰਾਹੀਂ ਸਾਡੀ ਖ਼ਾਤਰ ਪਰਮੇਸ਼ੁਰ ਦੀ ਇੱਛਾ ਅਤੇ ਵਿਚਾਰ ਸ਼ਾਮਲ ਸੀ।

*ਮਸੀਹ ਦੀ ਸਲੀਬ ਦੇ ਰਾਹੀਂ ਪਰਮੇਸ਼ੁਰ ਨੇ ਆਪਣੇ ਪ੍ਰੇਮ ਅਤੇ ਉਦੇਸ਼ ਨੂੰ ਪਰਗਟ ਕਰਨ ਦੇ ਲਈ ਰਚਨਾ ਤੋਂ ਪਹਿਲਾਂ ਹੀ ਯੋਜਨਾ ਬਣਾਈ ਹੋਈ ਸੀ।* ਨਰ ਅਤੇ ਨਾਰੀ ਨੂੰ ਉਤਪਤ ਕਰਨ ਅਤੇ ਉਨ੍ਹਾਂ ਨੂੰ ਅਜ਼ਾਦ ਇੱਛਾ ਦੇਣ ਤੋਂ ਪਹਿਲਾਂ, ਪਰਮੇਸ਼ੁਰ ਜਾਣਦਾ ਸੀ ਕਿ ਉਹ ਜ਼ਰੂਰ ਬੁਰੀਆਂ ਚੋਣਾਂ ਅਤੇ ਪਾਪ ਕਰਨਗੇ; ਇਸ ਲਈ, ਆਖ਼ਰਕਾਰ ਉਨ੍ਹਾਂ ਨੂੰ ਮਾਫ਼ੀ ਅਤੇ ਇੱਕ ਮੁਕਤੀਦਾਤਾ ਦੀ ਲੋੜ ਪਵੇਗੀ। ਕਈ ਵਾਰ ਲੋਕ ਪੁੱਛਦੇ ਹਨ, "ਜੇਕਰ ਪਰਮੇਸ਼ੁਰ ਨੂੰ ਪਤਾ ਸੀ ਕਿ ਮਨੁੱਖ ਪਾਪ ਕਰੇਗਾ, ਆਪਣੇ ਆਪ ਨੂੰ ਅਤੇ ਦੂਜਿਆਂ ਨੂੰ ਚੋਟ ਪਹੁੰਚਾਏਗਾ ਅਤੇ ਆਖ਼ਰਕਾਰ ਉਸ ਦਾ ਦਿਲ ਤੋੜੇਗਾ, ਤਾਂ ਪਰਮੇਸ਼ੁਰ ਨੇ ਇਨਸਾਨ ਨੂੰ ਅਜ਼ਾਦ ਇੱਛਾ ਦੇ ਨਾਲ ਕਿਉਂ ਬਣਾਇਆ ਸੀ?"

ਇਹੀ ਸਵਾਲ ਮਨੁੱਖਜਾਤੀ ਦੇ ਬਾਰੇ ਵੀ ਪੁੱਛਿਆ ਜਾ ਸਕਦਾ ਹੈ: ਜੇਕਰ ਪਤੀ ਅਤੇ ਪਤਨੀਆਂ ਜਾਣਦੇ ਹਨ ਕਿ ਉਹ ਬੱਚੇ ਜਿਨ੍ਹਾਂ ਨੂੰ ਉਹ ਜਨਮ ਦੇ ਕੇ ਇਸ ਸੰਸਾਰ ਵਿੱਚ ਲਿਆਉਂਦੇ ਹਨ ਉਨ੍ਹਾਂ ਦੇ ਜੀਵਨ ਵਿੱਚ ਕਿਤੇ ਨਾ ਕਿਤੇ ਜਾ ਕੇ ਉਨ੍ਹਾਂ ਦੀ ਅਣਆਗਿਆਕਾਰੀ ਕਰਨਗੇ ਅਤੇ ਉਨ੍ਹਾਂ ਦੇ ਦਿਲਾਂ ਨੂੰ ਵੀ ਤੋੜਨਗੇ, ਤਾਂ ਲੋਕ ਹਾਲੇ ਵੀ ਬੱਚੇ ਕਿਉਂ ਜੰਮੀ ਜਾਂਦੇ ਹਨ? ਅਣਆਗਿਆਕਾਰੀ ਬੱਚਿਆ ਦੇ ਲਈ ਸੰਭਾਵਿਤ ਤੌਰ ਤੇ ਇੱਕੋ ਵਿਕਲਪ ਇਹ ਹੈ ਕਿ ਜਾਂ ਤਾਂ ਪਰਮੇਸ਼ੁਰ ਜਾਂ ਮਨੁੱਖ ਰੋਬੋਟਾਂ ਦੇ ਸੰਸਾਰ ਨੂੰ ਉਤਪਤ ਕਰੇ ਜਿਸ ਨੂੰ ਕਦੇ ਵੀ ਸ਼ਿਕਾਇਤ ਨਾ ਕਰਨ ਦੇ ਲਈ ਆਪਣੀ ਇੱਛਾ ਅਨੁਸਾਰ ਬਣਾਇਆ ਜਾ ਸਕਦਾ ਹੈ ਅਤੇ ਉਨ੍ਹਾਂ ਨੂੰ ਜੋ ਕੋਈ ਹੁਕਮ ਦਿੱਤਾ ਜਾਵੇਗਾ ਉਹ ਉਹੀ ਕਰਨਗੇ। ਅਜਿਹੇ ਨਿਰਜੀਵ, ਬਿਨਾਂ ਭਾਵਨਾ ਵਾਲੇ ਸੰਸਾਰ ਵਿੱਚ ਕੋਈ ਨਹੀਂ ਰਹਿਣਾ ਚਾਹੇਗਾ ਅਤੇ ਪਰਮੇਸ਼ੁਰ ਨੇ ਸ਼ਾਇਦ ਅਜਿਹੀ ਰਚਨਾ ਦੀ ਸੰਭਾਵਨਾ ਤੇ ਕਦੇ ਵਿਚਾਰ ਨਹੀਂ ਸੀ ਕੀਤਾ। ਉਸ ਨੇ ਇੱਕ ਅਜਿਹੇ ਸੰਸਾਰ ਦੀ ਰਚਨਾ ਕੀਤੀ ਜਿਸ ਦੇ ਵਿੱਚ ਇਨਸਾਨ ਨੂੰ ਉਸ ਦੇ ਆਪਣੇ ਸਰੂਪ ਉੱਤੇ ਅਤੇ ਅਜ਼ਾਦ ਇੱਛਾ ਦੇ ਨਾਲ ਬਣਾਇਆ ਗਿਆ ਹੈ (1:26, 27)।

ਰਚਨਾ ਤੋਂ ਪਹਿਲਾਂ ਹੀ ਪਰਮੇਸ਼ੁਰ ਜਾਣਦਾ ਸੀ ਕਿ ਆਦਮੀ ਪਾਪ ਕਰੇਗਾ ਅਤੇ ਉਸ ਨੂੰ ਇੱਕ ਮੁਕਤੀਦਾਤਾ ਦੀ ਲੋੜ ਪਵੇਗੀ। ਸਮਾਂ ਪੂਰਾ ਹੋਣ ਤੇ, ਉਸ ਨੇ ਆਪਣੇ ਪੁੱਤਰ ਨੂੰ ਇਸ ਸੰਸਾਰ

ਵਿੱਚ ਭੇਜ ਕੇ ਸਲੀਬ ਉੱਤੇ ਸਾਡੇ ਪਾਪ ਦੇ ਲਈ ਆਪਣੀ ਜਾਨ ਦੇ ਆਪਣੇ ਪ੍ਰੇਮ ਨੂੰ ਪਰਗਟ ਕੀਤਾ (ਯੂਹੰਨਾ 3:16)। ਪਤਰਸ ਨੇ ਯਿਸੂ ਦੀ ਮੌਤ ਅਤੇ ਜੀ ਉੱਠਣ ਦਾ ਗਵਾਹ ਬਣਨ ਤੋਂ ਬਾਅਦ, ਉਸ ਨੇ ਪੈਂਟੀਕਾਸਟ ਦੇ ਦਿਨ ਯਹੂਦੀ ਸਰੋਤਿਆਂ ਨੂੰ ਚੇਤੇ ਕਰਾਇਆ ਕਿ ਪਰਮੇਸ਼ੁਰ ਨੇ ਉਨ੍ਹਾਂ ਸਪੱਸ਼ਟ ਚਮਤਕਾਰਾਂ, ਅਚੰਭਿਆਂ ਅਤੇ ਚਿੰਨ੍ਹਾਂ ਦੇ ਰਾਹੀਂ ਯਿਸੂ ਨਾਸਰੀ ਦੀ ਪੁਸ਼ਟੀ ਕੀਤੀ ਹੈ ਜੋ ਉਨ੍ਹਾਂ ਦੀ ਮੌਜੂਦਗੀ ਵਿੱਚ ਕੀਤੇ ਗਏ ਸਨ। ਫਿਰ ਉਸ ਨੇ ਕਿਹਾ ਕਿ ਯਿਸੂ ਦੀ ਸਲੀਬੀ ਮੌਤ ਅਸਲ ਵਿੱਚ "ਪਰਮੇਸ਼ੁਰ ਦੀ ਠਹਿਰਾਈ ਹੋਈ ਮੱਤ ਅਤੇ ਅਗੰਮ ਗਿਆਨ" ਦੇ ਅਨੁਸਾਰ ਹੋਈ ਸੀ ਅਤੇ ਇਹ ਕਿ ਉਹ ਅਤੇ ਦੂਜੇ ਰਸੂਲ ਉਸ ਦੇ ਜੀ ਉੱਠਣ ਅਤੇ ਸੁਰਗ ਨੂੰ ਉਠਾਏ ਜਾਣ ਦੇ ਗਵਾਹ ਸਨ, ਜਿੱਥੇ ਹੁਣ ਉਹ "ਪ੍ਰਭੂ ਅਤੇ ਮਸੀਹ" ਦੋਹਾਂ ਵਜੋਂ ਰਾਜ ਕਰਦਾ ਹੈ (ਰਸੂਲਾਂ ਦੇ ਕਰਤੱਬ 2:22-24, 32-36)।

ਇਸ ਦਾ ਅਰਥ ਇਹ ਨਹੀਂ ਹੈ ਕਿ ਪਰਮੇਸ਼ੁਰ ਨੇ ਯਿਸੂ ਦੇ ਕਾਤਿਲਾਂ ਨੂੰ ਉਨ੍ਹਾਂ ਦੀ ਇੱਛਾ ਅਨੁਸਾਰ ਯਿਸੂ ਨੂੰ ਜਾਨੋਂ ਮਾਰਨ ਦੇ ਲਈ ਮਜਬੂਰ ਕੀਤਾ ਸੀ। ਇਸ ਦਾ ਅਰਥ ਸਿਰਫ ਇਹ ਹੈ ਕਿ ਪਰਮੇਸ਼ੁਰ ਪਹਿਲਾਂ ਤੋਂ ਹੀ ਜਾਣਦਾ ਸੀ ਕਿ ਦੁਸ਼ਟ ਮਨੁੱਖ ਉਸ ਦੇ ਪੁੱਤਰ ਨੂੰ ਠੁਕਰਾ ਦੇਣਗੇ। ਯਿਸੂ ਦੀ ਮੌਤ ਇੱਕ ਦੁਖਦਾਈ ਘਟਨਾ ਜਾਂ ਇੱਕ ਮੰਦਭਾਗੀ ਗਲਤੀ ਨਹੀਂ ਸੀ; ਬਲਕਿ, ਇਹ ਸੁਭਾਅ ਵਿੱਚ ਕੁਰਬਾਨੀ ਵਾਲੀ ਮੌਤ ਸੀ ਅਤੇ "ਜਗਤ ਦੀ ਨੀਂਹ ਧਰਨ ਤੋਂ ਅੱਗੋਂ ਹੀ ਥਾਪਿਆ ['ਠਹਿਰਾਇਆ'; NRSV] ਗਿਆ ਸੀ" (1 ਪਤਰਸ 1:20)। ਉਸੇ ਤਰ੍ਹਾਂ, ਪੌਲੁਸ ਨੇ ਲਿਖਿਆ ਕਿ ਪਰਮੇਸ਼ੁਰ ਨੇ "ਸਾਨੂੰ ਬਚਾਇਆ ਅਤੇ ਪਵਿੱਤਰ ਸੱਦੇ ਨਾਲ ਸੱਦਿਆ, ਸਾਡੀਆਂ ਕਰਨੀਆਂ ਦੇ ਅਨੁਸਾਰ ਨਹੀਂ ਸਗੋਂ ਆਪਣੀ ਮਨਸ਼ਾ ਦੇ ਅਤੇ ਉਸ ਕਿਰਪਾ ਦੇ ਅਨੁਸਾਰ ਜਿਹੜੀ ਮਸੀਹ ਯਿਸੂ ਵਿੱਚ ਸਨਾਤਨ ਸਮਿਆਂ ਤੋਂ ਸਾਡੇ ਉੱਤੇ ਕੀਤੀ ਗਈ" (2 ਤਿਮੋਥਿਉਸ 1:9)। ਪਰਤੱਖ ਰੂਪ ਵਿੱਚ, ਜਗਤ ਦੀ ਨੀਂਹ - ਸਨਾਤਨ ਸਮਿਆਂ ਤੋਂ - ਕੁਝ ਨਾ ਕੁਝ ਜ਼ਰੂਰ ਮੌਜੂਦ ਸੀ ਅਤੇ ਉਹ ਜੋ ਕੁਝ ਵੀ ਸੀ ਸਥਿਰ ਗਤੀਹੀਣ ਅਤੇ ਅਵਿਅਕਤੀਗਤ ਨਹੀਂ ਸੀ। ਇਸ ਦੇ ਉਲਟ, ਆਪਣੇ ਪੁੱਤਰ ਯਿਸੂ ਮਸੀਹ ਅਰਥਾਤ ਮੁਕਤੀਦਾਤਾ ਰਾਹੀਂ ਮਨੁੱਖ ਦੇ ਆਪਣੇ ਪ੍ਰੇਮ ਅਤੇ ਕਿਰਪਾ ਨੂੰ ਪਰਗਟ ਕਰਨਾ ਪਰਮੇਸ਼ੁਰ ਦਾ ਆਪਣਾ ਵਿਅਕਤੀਗਤ ਉਦੇਸ਼ ਸੀ (ਯੂਹੰਨਾ 3:16)। ਮਨੁੱਖ ਨੂੰ ਯਿਸੂ ਨੂੰ ਪ੍ਰਭੂ ਮੰਨੇ ਕੇ ਕਬੂਲ ਕਰਨ ਜਾਂ ਠੁਕਰਾਉਣ ਦੀ ਅਜ਼ਾਦ ਇੱਛਾ ਦਿੱਤੀ ਗਈ ਸੀ। ਅਸੀਂ ਖੁਸ਼ਖ਼ਬਰੀ ਸੰਦੇਸ਼ ਤੇ ਵਿਸ਼ਵਾਸ ਕਰਨ ਦੇ ਦੁਆਰਾ, ਆਪਣੇ ਪਾਪਾਂ ਤੋਂ ਤੋਬਾ ਕਰਕੇ, ਮਸੀਹ ਨੂੰ ਪਰਮੇਸ਼ੁਰ ਦਾ ਪੁੱਤਰ ਮੰਨ ਕੇ ਉਸ ਵਿੱਚ ਆਪਣੀ ਨਿਹਚਾ ਦਾ ਇਕਰਾਰ ਕਰਕੇ ਅਤੇ ਉਸ ਦੇ ਛੁਟਕਾਰਾ ਦੇਣ ਵਾਲੇ ਲਹੂ ਵਿੱਚ ਬਪਤਿਸਮਾ ਲੈਣ ਦੇ ਦੁਆਰਾ ਉਸ ਨੂੰ ਮੁਕਤੀਦਾਤਾ ਦੇ ਰੂਪ ਵਿੱਚ ਪਹਿਨ ਕੇ ਬਚਾਏ ਜਾ ਸਕਦੇ ਹਾਂ (ਰੋਮੀਆਂ 10:9-13; ਗਲਾਤੀਆਂ 3:27; 1 ਪਤਰਸ 1:18, 19)।

*ਸਿਰਫ ਇੱਕ ਵਿਅਕਤੀਗਤ ਪਰਮੇਸ਼ੁਰ ਹੀ ਮਨੁੱਖਜਾਤੀ ਨੂੰ ਉਦੇਸ਼ ਅਤੇ ਅਰਥ ਦੇ ਸਕਦਾ ਸੀ।* ਇੰਜੀਲ ਦੀ ਖੁਸ਼ਖ਼ਬਰੀ ਦਾ ਇੱਕ ਹਿੱਸਾ ਇਹ ਹੈ ਕਿ ਪਰਮੇਸ਼ੁਰ ਅਵਿਅਕਤੀਗਤ ਸ਼ਕਤੀ ਨਹੀਂ ਹੈ: ਨਾ ਹੀ ਉਹ ਯੂਨਾਨੀ ਫਲਸਫੇ ਦੀ ਅਚੱਲ ਪ੍ਰੇਰਕ ਸ਼ਕਤੀ ਹੈ ਨਾ ਹੀ ਉਹ ਮਨੁੱਖਜਾਤੀ ਦੇ ਲਈ ਹੋਰਨਾਂ ਕਾਰਣਾਂ ਅਤੇ ਪ੍ਰਭਾਵਾਂ ਦਾ ਬਿਨਾਂ ਜੋਸ਼ਾਂ, ਭਾਵਨਾਵਾਂ, ਚਿੰਤਾ, ਪ੍ਰੇਮ, ਜਾਂ ਉਦੇਸ਼ ਦੇ ਪਹਿਲਾ ਕਾਰਣ ਹੈ। ਨਾ ਹੀ ਉਹ ਬ੍ਰਹਮਵਾਦੀ ਪੂਰਬੀ ਧਰਮਾਂ ਦਾ ਅਵਿਅਕਤੀਗਤ ਸਭ ਕੁਝ ਹੈ, ਤਾਂ ਕਿ ਜੋ ਕੁਝ ਵੀ ਮੌਜੂਦ ਹੈ, ਭਾਵੇਂ ਜੀਵਿਤ ਜਾਂ ਅਜੀਵਿਤ, ਉਸ ਨੂੰ ਪਰਮੇਸ਼ੁਰ ਵਜੋਂ ਪਛਾਣਿਆ ਜਾ ਸਕਦਾ ਹੈ। ਬਲਕਿ, ਉਹ ਵਿਅਕਤੀਗਤ ਪਰਮੇਸ਼ੁਰ ਹੈ ਜਿਸ ਨੇ ਸਾਰੀਆਂ ਚੀਜ਼ਾਂ ਅਤੇ ਪ੍ਰਾਣੀਆਂ ਨੂੰ ਬਣਾਇਆ ਹੈ - ਖਾਸ ਕਰਕੇ ਮਨੁੱਖ, ਜਿਹੜਾ ਉਸ ਦੇ ਆਪਣੇ ਸਰੂਪ ਤੇ ਬਣਾਇਆ ਗਿਆ ਸੀ। ਉਹ ਹਰੇਕ ਨੂੰ ਪ੍ਰੇਮ ਕਰਦਾ ਹੈ, ਭਾਵੇਂ ਕੁਝ ਲੋਕ ਕਿੰਨੇ ਵੀ ਪ੍ਰੇਮ ਕਰਨ ਯੋਗ ਨਾ ਹੋਣ। ਸਿਰਫ ਵਿਅਕਤੀਗਤ ਪਰਮੇਸ਼ੁਰ ਹੀ ਮਨੁੱਖ ਦੇ ਵਿਅਕਤਿਤਵ ਦੀ ਵਿਆਖਿਆ ਕਰ ਸਕਦਾ ਹੈ

ਅਤੇ ਉਸ ਨੂੰ ਇੱਕ ਅਜਿਹੇ ਪ੍ਰਾਣੀ ਵਜੋਂ ਆਤਮ-ਸਨਮਾਨ ਦੇ ਸਕਦਾ ਹੈ ਜਿਹੜਾ ਰੱਬੀ ਸਰੂਪ ਤੇ ਬਣਾਇਆ ਗਿਆ ਹੈ। ਇਹ ਬਦਲੇ ਵਿੱਚ ਮਨੁੱਖੀ ਰਿਸ਼ਤਿਆਂ ਨੂੰ ਸਮਝਣ ਅਤੇ ਦੂਜਿਆਂ ਨਾਲ ਪ੍ਰੇਮ ਅਤੇ ਆਦਰ ਨਾਲ ਵਿਹਾਰ ਕਰਨ ਦੇ ਲਈ ਇੱਕ ਆਧਾਰ ਪ੍ਰਦਾਨ ਕਰਦਾ ਹੈ ਕਿਉਂਕਿ ਉਨ੍ਹਾਂ ਵਿੱਚ ਵੀ ਪਰਮੇਸ਼ੁਰ ਦਾ ਸਰੂਪ ਹੈ।

ਰਚਨਾ ਦਾ ਇੱਕ ਉਦੇਸ਼ ਹੈ ਅਤੇ ਮਨੁੱਖਜਾਤੀ ਇੱਕ ਨਿਸ਼ਾਨੇ ਵੱਲ ਅੱਗੇ ਵੱਧਦੀ ਜਾ ਰਹੀ ਹੈ। ਪਰਮੇਸ਼ੁਰ ਇੱਕ ਦਿਨ ਸਾਰੀਆਂ ਚੀਜ਼ਾਂ ਨੂੰ ਮਸੀਹ ਵਿੱਚ ਇਕੱਠਾ ਕਰੇਗਾ (ਅਫ਼ਸੀਆਂ 1:10)। ਸਾਡੀ ਠਹਿਰਾਈ ਹੋਈ ਮੰਜਿਲ ਇਹ ਹੈ ਕਿ ਅਸੀਂ ਪ੍ਰਭੂ ਦੇ ਨਿਆਂ ਦੇ ਸਿੰਘਾਸਣ ਦੇ ਸਾਹਮਣੇ ਪਰਗਟ ਹੋਣਾ ਹੈ ਜਿੱਥੇ ਹਰੇਕ "ਜੋ ਕੁਝ ਉਸ ਨੇ ਦੇਹੀ ਵਿੱਚ ਕੀਤਾ ਭਾਵੇਂ ਭਲਾ ਭਾਵੇਂ ਬੁਰਾ ਆਪੋ ਆਪਣੀਆਂ ਕਰਨੀਆਂ ਦੇ ਅਨੁਸਾਰ ਉਹ ਦਾ ਫਲ ਭੋਗੇਗਾ" (2 ਕੁਰਿੰਥੀਆਂ 5:10)।

*ਮਨੁੱਖਜਾਤੀ ਨੂੰ ਬਚਾਉਣ ਦੇ ਲਈ ਪਰਮੇਸ਼ੁਰ ਦਾ ਉਦੇਸ਼ ਮਨੁੱਖ ਦੇ ਅਜ਼ਾਦ ਉੱਤਰ ਤੇ ਅਧਾਰਤ ਹੈ।* ਮੁਕਤੀ ਬਿਨਾਂ ਸ਼ਰਤ ਪਹਿਲਾਂ ਤੋਂ ਨਿਰਧਾਰਤ ਨਹੀਂ ਹੈ। ਪਰਮੇਸ਼ੁਰ "ਚਾਹੁੰਦਾ ਹੈ ਭਈ ਕਿਸੇ ਦਾ ਨਾਸ ਨਾ ਹੋਵੇ ਸਗੋਂ ਸੱਭੇ ਤੋਬਾ ਵੱਲ ਮੁੜਨ" (2 ਪਤਰਸ 3:9)। ਪਰਮੇਸ਼ੁਰ "ਚਾਹੁੰਦਾ ਹੈ ਭਈ ਸਾਰੇ ਮਨੁੱਖ ਬਚਾਏ ਜਾਣ ਅਤੇ ਓਹ ਸਤ ਦੇ ਗਿਆਨ ਤੀਕ ਪਹੁੰਚਣ," ਖਾਸ ਕਰਕੇ ਇਹ ਸਤ ਕਿ ਸਾਡੇ ਪਾਪਾਂ ਦਾ ਪ੍ਰਾਸਚਿਤ ਸਿਰਫ ਯਿਸੂ ਹੀ ਹੈ (1 ਤਿਮੋਥਿਉਸ 2:4-6)। ਮਸੀਹ ਸਾਰਿਆਂ ਨੂੰ ਆਪਣੇ ਕੋਲ ਆਉਣ ਕੋਲ ਬੁਲਾਉਂਦਾ ਹੈ (ਮੱਤੀ 11:28), ਪਰ ਉਹ ਕਿਸੇ ਨੂੰ ਆਉਣ ਦੇ ਲਈ ਮਜ਼ਬੂਰ ਨਹੀਂ ਕਰਦਾ। ਹਰੇਕ ਜੋ ਉਸ ਦੀ ਖੁਸ਼ਖ਼ਬਰੀ ਨੂੰ ਸੁਣਦਾ ਹੈ ਉਸ ਦੇ ਕੋਲ ਮੌਕਾ ਹੈ ਅਤੇ ਉਸ ਦੀ ਜ਼ਿੰਮੇਵਾਰੀ ਬਣਦੀ ਹੈ ਕਿ ਉਹ ਮਸੀਹ ਵਿੱਚ ਇੱਕ ਨਵੀ ਸਰਿਸ਼ਟੀ ਬਣਨ ਦੇ ਲਈ ਪ੍ਰਭੂ ਵਿੱਚ ਨਿਹਚਾ ਨਾਲ ਜਵਾਬ ਦੇਵੇ ਅਤੇ ਉਸ ਦੀ ਇੱਛਾ ਦੀ ਆਗਿਆਕਾਰੀ ਕਰੇ (ਮਰਕੁਸ 16:16; ਯੂਹੰਨਾ 3:3-5; ਰਸੂਲਾਂ ਦੇ ਕਰਤੱਬ 2:38-40; 2 ਕੁਰਿੰਥੀਆਂ 5:17)।

**ਆਦਮੀ ਵਿੱਚ ਪਰਮੇਸ਼ੁਰ ਦੇ ਸਰੂਪ ਦਾ ਪਰਮਾਣ (1:26-28)**

ਅਧਿਆਤਮਕ ਸ਼ਾਸਤਰੀਆਂ ਆਦਮੀ ਵਿੱਚ ਪਰਮੇਸ਼ੁਰ ਦੇ ਸਰੂਪ ਨੂੰ ਪਰਿਭਾਸ਼ਿਤ ਕਰਨ ਦੇ ਲਈ ਦੋ ਹਜ਼ਾਰ ਸਾਲ ਤੱਕ ਜੱਦੋ-ਜਹਿਦ ਕੀਤੀ, ਪਰ ਉਹ ਇੱਕ ਵਿਸ਼ਵਵਿਆਪੀ ਵਿਆਖਿਆ ਤੀਕ ਪਹੁੰਚਣ ਵਿੱਚ ਸਫ਼ਲ ਨਹੀਂ ਹੋਏ ਜਿਸ ਦੇ ਸਾਰੇ ਜਣੇ ਸਹਿਮਤ ਹੋ ਸਕਦੇ। ਮਨੁੱਖ ਸੰਸਾਰ ਵਿੱਚ ਇੱਕ ਅਨੋਖੀ ਰਚਨਾ ਅਤੇ ਕਿਉਂਕਿ ਮਨੁੱਖ ਨੂੰ ਪਰਮੇਸ਼ੁਰ ਦੇ ਸਰੂਪ ਤੇ ਬਣਾਇਆ ਗਿਆ ਹੈ ਉਸ ਦੇ ਇਹੀ ਗੁਣਤਾਮਕ ਫ਼ਰਕ ਉਸ ਨੂੰ ਜਾਨਵਰਾਂ ਨਾਲੋਂ ਵੱਖਰਾ ਕਰਦੇ ਹਨ।

*ਸਿਰਫ ਆਦਮੀ ਨੂੰ ਹੀ ਧਰਤੀ ਅਤੇ ਸਾਰੇ ਜਾਨਵਰਾਂ ਤੇ ਰਾਜ ਕਰਨ ਦਾ ਇਖ਼ਤਿਆਰ ਦਿੱਤਾ ਹੈ।* ਜਦੋਂ ਪਰਮੇਸ਼ੁਰ ਨੇ ਆਦਮੀ ਨੂੰ ਬਣਾਇਆ, ਉਸ ਨੇ ਆਦਮੀ ਨੂੰ ਜਾਨਵਰਾਂ ਤੇ ਰਾਜ ਕਰਨ ਦਾ ਇਖ਼ਤਿਆਰ ਦਿੱਤਾ, ਪਰ ਇੱਕ ਮੁਖ਼ਤਿਆਰ ਹੋਣ ਦੇ ਨਾਤੇ ਆਦਮੀ ਇੱਕ ਪਵਿੱਤਰ ਭਰੋਸੇ ਦੇ ਨਾਲ ਪਰਮੇਸ਼ੁਰ ਦੇ ਅਧੀਨ ਹੈ। ਆਦਮੀ ਦੋ ਸੰਸਾਰਾਂ ਵਿੱਚ ਰਹਿੰਦਾ ਹੈ: ਸਰੀਰਕ ਅਤੇ ਆਤਮਿਕ। ਜਾਨਵਰਾਂ ਦੇ ਵਾਂਗ, ਉਸ ਦਾ ਇੱਕ ਸਰੀਰ ਹੈ ਜੋ ਮਿੱਟੀ ਤੋਂ ਬਣਿਆ ਹੈ ਅਤੇ ਇਸ ਨੂੰ ਸੰਭਾਲਣ ਦੀ ਲੋੜ ਹੈ। ਉਸ ਨੂੰ ਹਵਾਂ, ਪਾਣੀ ਅਤੇ ਪੌਸ਼ਿਕ ਤੱਤਾਂ ਦੀ ਲੋੜ ਹੈ; ਪਰ ਸਿਰਫ ਆਦਮੀ ਹੀ ਇੱਕ ਅਜਿਹਾ ਪ੍ਰਾਣੀ ਹੈ ਜਿਹੜਾ ਪਰਮੇਸ਼ੁਰ ਦੀ ਅਵਾਜ਼ ਨੂੰ ਸੁਣ ਸਕਦਾ ਹੈ ਅਤੇ ਪਰਮੇਸ਼ੁਰ ਦੇ ਵਾਂਗ ਸੋਚ ਸਕਦਾ ਹੈ (ਵੇਖੋ ਜ਼ਬੂਰ 8:3-9)।

ਇਸ ਲਈ, ਜਾਨਵਰਾਂ ਤੇ ਆਦਮੀ ਦਾ ਰਾਜ ਸਰੀਰਕ ਦੀ ਬਜਾਇ ਆਤਮਿਕ ਹੈ। ਇਸ ਦਾ ਸੰਬੰਧ ਮਾਤਰਾ ਨਾਲ ਨਹੀਂ ਗੁਣ ਨਾਲ ਹੈ। ਆਦਮੀ ਦੀ ਦਿਮਾਗ ਨੀਲੀ ਵੇਲ ਮੱਛੀ ਨਾਲੋਂ ਵੱਡਾ

ਨਹੀਂ ਹੈ। ਉਹ ਸ਼ੇਰ ਜਿੰਨਾ ਤਾਕਤਵਰ ਅਤੇ ਚੀਤੇ ਜਿੰਨਾ ਤੇਜ਼ ਨਹੀਂ ਹੈ। ਆਦਮੀ ਦੀ ਨਜ਼ਰ ਦੀ ਤੁਲਨਾ ਉਕਾਬ ਨਾਲ ਨਹੀਂ ਕੀਤੀ ਜਾ ਸਕਦੀ। ਸਪੱਸ਼ਟ ਤੌਰ ਤੇ, ਜਾਨਵਰਾਂ ਤੇ ਆਦਮੀ ਦੀ ਸ੍ਰੇਸ਼ਠਤਾ ਕਿਸੇ ਅਜਿਹੇ ਸਰੀਰਕ ਖੇਤਰ ਵਿੱਚ ਨਹੀਂ ਹੈ ਜਿਸ ਦੀ ਮਾਤਰਾ ਵਧਾਈ ਜਾ ਸਕਦੀ ਹੈ; ਬਜਾਇ ਇਸ ਦੇ, ਇਹ ਕੋਈ ਆਤਮਿਕ ਗੁਣ ਹੋਵੇਗਾ ਜੋ ਪਰਮੇਸ਼ੁਰ ਨੇ ਹਰੇਕ ਵਿਅਕਤੀ ਵਿੱਚ ਵਿਕਸਤ ਕੀਤਾ ਹੈ।

*ਸਿਰਫ ਆਦਮੀ ਹੀ ਖੁਦ ਤੋਂ ਸਰੇਸ਼ਠ ਹੋ ਸਕਦਾ ਹੈ।* ਜਾਨਵਰ ਸੋਚ ਸਕਦੇ ਹਨ, ਪਰ ਮਨੁੱਖ ਹੀ ਆਪਣੇ ਤੋਂ ਉੱਪਰ ਉੱਠ ਸਕਦਾ ਹੈ ਅਤੇ ਸੋਚਣ ਬਾਰੇ ਸੋਚ ਸਕਦਾ ਹੈ। ਉਹ ਵੱਡੇ-ਵੱਡੇ ਸਵਾਲ ਪੁੱਛ ਸਕਦਾ ਹੈ: "ਮੈਂ ਕੌਣ ਹਾਂ?"; "ਮੈਂ ਕਿੱਥੋਂ ਆਇਆ ਹਾਂ?"; "ਮੈਂ ਇੱਥੇ ਕਿਉਂ ਹਾਂ?" ਸਿਰਫ ਮਨੁੱਖ ਨੂੰ ਹੀ ਪਛਾਣ ਦਾ ਸੰਕਟ ਹੈ ਅਤੇ ਜੀਵਨ ਵਿੱਚ ਆਪਣੀਆਂ ਜੜ੍ਹਾਂ ਅਤੇ ਉਦੇਸ਼ ਨੂੰ ਖੋਜਣ ਦੀ ਕੋਸ਼ਿਸ਼ ਕਰਦਾ ਹੈ। ਜਾਨਵਰ ਅਜਿਹੇ ਮੁੱਦਿਆਂ ਨਾਲ ਜੱਦੋ-ਜਹਿਦ ਨਹੀਂ ਕਰਦੇ। ਉਹ ਦਿਨ-ਬ-ਦਿਨ ਜੀਈ ਜਾਂਦੇ ਹਨ।

*ਸਿਰਫ ਮਨੁੱਖ ਕੋਲ ਹੀ ਅਨੁਭਵ ਤੋਂ ਸਿੱਖਣ, ਗਿਆਨ ਇਕੱਠਾ ਕਰਨ ਅਤੇ ਇਸ ਨੂੰ ਅੱਗੇ ਆਉਣ ਵਾਲੀ ਪੀੜ੍ਹੀ ਨੂੰ ਸੌਂਪਣ ਦੀ ਯੋਗਤਾ ਹੈ।* ਸਿਰਫ ਮਨੁੱਖ ਹੀ ਅਜਿਹਾ ਪ੍ਰਾਣੀ ਹੈ ਜਿਸ ਦੇ ਲਈ ਭੁਤਕਾਲ (ਇਤਹਾਸ) ਮਹੱਤਵਪੂਰਣ ਹੈ। ਉਹ ਭੂਤਕਾਲ ਵਿੱਚੋਂ ਅੰਕੜੇ ਇਕੱਠੇ ਕਰਦਾ ਹੈ ਅਤੇ ਇਨ੍ਹਾਂ ਨੂੰ ਅੱਗੇ ਸੌਂਪ ਦਿੰਦਾ ਹੈ ਤਾਂ ਕਿ ਹਰੇਕ ਪਿਛਲੀ ਪੀੜ੍ਹੀ ਨਾਲੋਂ ਜ਼ਿਆਦਾ ਗਿਆਨਵਾਨ ਹੋਵੇ। ਮਨੁੱਖ ਮੌਖਿਕ ਅਤੇ ਲਿਖਤ ਦੋਹਾਂ ਰੂਪਾਂ ਵਿੱਚ ਗਿਆਨ ਨੂੰ ਸੰਭਾਲ ਕੇ ਰੱਖ ਸਕਦਾ ਹੈ, ਤਾਂ ਕਿ ਉਸ ਦੇ ਬੱਚਿਆਂ ਅਤੇ ਦੋਹਤਰਿਆਂ ਪੋਤਰਿਆਂ ਨੂੰ ਹਰੇਕ ਚੀਜ਼ ਦੀ ਨਵੇਂ ਸਿਰਿਓਂ ਖੋਜ ਨਾ ਕਰਨੀ ਪਵੇ।

*ਸਿਰਫ ਆਦਮੀ ਹੀ ਜੀਵਨ ਦੀਆਂ ਸਰੀਰਕ ਚੀਜ਼ਾਂ ਦੇ ਲਈ ਬੇਚੈਨ ਹੁੰਦਾ ਹੈ।* ਇਹ ਥੋੜ੍ਹਾ ਸੱਚ ਹੋ ਸਕਦਾ ਹੈ ਕਿਉਂਕਿ ਪਰਮੇਸ਼ੁਰ ਨੇ "ਸਦੀਪਕਾਲ ਨੂੰ ਵੀ ਓਹਨਾਂ ਦੇ ਮਨ ਵਿੱਚ ਟਿਕਾ ਦਿੱਤਾ ਹੈ" (ਉਪਦੇਸ਼ਕ ਦੀ ਪੋਥੀ 3:11)। (1) ਆਦਮੀ ਕੋਲ ਜੋ ਭੌਤਿਕ ਪਦਾਰਥ ਹੁੰਦੇ ਹਨ ਉਹ ਉਨ੍ਹਾਂ ਤੋਂ ਕਦੇ ਸੰਤੁਸ਼ਟ ਨਹੀਂ ਹੁੰਦਾ। ਦੂਜੇ ਪਾਸੇ, ਜਾਨਵਰ ਜੀਵਨ ਦੀਆਂ ਸਧਾਰਣ ਜਰੂਰਤਾਂ ਨਾਲ ਖੁਸ਼ ਰਹਿੰਦੇ ਹਨ। (2) ਆਦਮੀ ਜੋ ਹੈ, ਜਿਸ ਤਰ੍ਹਾਂ ਦਾ ਉਹ ਦਿਸਦਾ ਹੈ, ਜੋ ਉਹ ਜਾਣਦਾ ਹੈ, ਜਿਸ ਦਾ ਉਹ ਅਨੁਭਵ ਕਰਦਾ ਹੈ, ਜਾਂ ਜੋ ਉਹ ਸੰਪੂਰਣ ਕਰਦਾ ਹੈ ਉਸ ਤੋਂ ਕਦੇ ਖੁਸ਼ ਨਹੀਂ ਹੁੰਦਾ। ਜਾਨਵਰਾਂ ਦੇ ਅੰਦਰ ਵੇਖਣ, ਸੁਣਨ ਜਾਂ ਹਰ ਸਮੇਂ ਕਿਸੇ ਨਵੀਂ ਚੀਜ਼ ਦਾ ਅਨੁਭਵ ਕਰਨ ਦੀ ਇੱਛਾ ਨਹੀਂ ਹੁੰਦੀ। ਨਾ ਹੀ ਉਨ੍ਹਾਂ ਦੇ ਅੰਦਰ ਉਨ੍ਹਾਂ ਦੇ ਆਲੇ-ਦੁਆਲੇ ਦੇ ਦੂਜੇ ਜਾਨਵਰਾਂ ਨਾਲੋਂ ਜ਼ਿਆਦਾ ਸਫ਼ਲ ਹੋਣ ਦੀ ਇੱਛਾ ਹੈ। ਉਹ ਸਧਾਰਣ, ਸ਼ਾਂਤ ਜੀਵਨਾਂ ਵਿੱਚ ਹੀ ਸੰਤੁਸ਼ਟ ਰਹਿੰਦੇ ਹਨ ਜੋ ਕਿ ਇਨਸਾਨਾਂ ਦੇ ਲਈ ਅਕਾਊ ਹੋਵੇਗਾ। (3) ਆਦਮੀ ਦੇ ਅੰਦਰ ਹਿੰਮਤ ਵਾਲਾ ਆਤਮਾ ਹੈ ਜੋ ਉਸ ਨੂੰ ਨਵੀਂ ਸੀਮਾਵਾਂ ਦੀ ਵੱਲ ਲੈ ਕੇ ਜਾਂਦਾ ਹੈ। ਉਹ ਹਮੇਸ਼ਾ ਇਹ ਪਤਾ ਲਗਾਉਂਦਾ ਹੈ ਕਿ ਅਗਲੀ ਨਦੀ, ਪਹਾੜ ਜਾਂ ਮਹਾਂਸਾਗਰ ਵਿੱਚ ਕੀ ਹੈ; ਪਰ ਇਹ ਇਹ ਉੱਥੇ ਹੀ ਨਹੀਂ ਰੁਕ ਜਾਂਦਾ। ਉਹ ਇਹ ਜਾਣਨਾ ਚਾਹੁੰਦਾ ਹੈ ਕਿ ਚੰਦਰਮਾ ਤੇ, ਹੋਰਨਾਂ ਗ੍ਰਹਿਾਂ ਤੇ ਅਤੇ ਤਾਰਾਮੰਡਲ ਵਿੱਚ ਕੀ ਹੈ। ਜਾਨਵਰ ਅਜਿਹੀਆਂ ਗੱਲਾਂ ਦੀ ਕੋਈ ਪਰਵਾਹ ਨਹੀਂ ਕਰਦੇ; ਉਨ੍ਹਾਂ ਅੰਦਰ ਹੋਰ ਮਹਾਂਦੀਪਾਂ, ਦੇਸ਼ਾਂ ਜਾਂ ਸੰਸਾਰਾਂ ਤੇ ਵਿਚਾਰ ਕਰਨ ਦੀ ਯੋਗਤਾ ਨਹੀਂ ਹੁੰਦੀ। ਇਸ ਦਾ ਅਹਿਸਾਸ ਕੀਤੇ ਬਿਨਾਂ, ਆਦਮੀ, ਪੂਰਨਤਾ ਅਤੇ ਸੰਪੂਰਣਤਾ ਦੀ ਆਪਣੀ ਖੋਜ ਵਿੱਚ, ਆਪਣੇ ਅੰਦਰ ਪਰਮੇਸ਼ੁਰ ਦੇ ਸਰੂਪ ਦੀ ਗਵਾਹੀ ਦਿੰਦਾ ਹੈ। ਆਦਮੀ ਨੂੰ ਸਮੇਂ ਦੇ ਲਈ ਅਤੇ ਉਹ ਜੋ ਸੀਮਤ ਹੈ ਉਸ ਦੇ ਲਈ ਨਹੀਂ ਬਣਾਇਆ ਗਿਆ ਸੀ; ਬਲਕਿ, ਉਸ ਨੂੰ ਸਦੀਪਕਾਲ ਅਤੇ ਜੋ ਅਸੀਮਤ ਹੈ ਅਰਥਾਤ ਪਰਮੇਸ਼ੁਰ ਦੇ ਲਈ ਬਣਾਇਆ ਗਿਆ ਸੀ। ਅੱਗਸਤਿਨ ਨੇ ਲਿਖਿਆ, "ਤੂੰ ਸਾਨੂੰ ਆਪਣੇ

ਲਈ ਬਣਾਇਆ ਹੈ ਅਤੇ ਸਾਡੇ ਦਿਲ ਤਦ ਤੱਕ ਬੇਚੈਨ ਰਹਿੰਦੇ ਹਨ ਜਦੋਂ ਤੱਕ ਉਹ ਤੇਰੇ ਵਿੱਚ ਅਰਾਮ ਨਹੀਂ ਪਾਉਂਦੇ।"[27]

*ਸਿਰਫ ਮਨੁੱਖ ਹੀ ਅਜਿਹਾ ਨੈਤਿਕ ਪ੍ਰਾਣੀ ਹੈ ਜਿਸ ਦੇ ਅੰਦਰ ਨੇਕੀ ਦਾ ਭਾਵ ਹੈ।* ਉਹ ਸਹੀ ਅਤੇ ਗਲਤੀ ਨਾਲ ਸੰਘਰਸ਼ ਕਰਦਾ ਅਤੇ ਉਹ ਦੋਸ਼ੀ ਅੰਤਹਕਰਨ ਨਾਲ ਨਜਿੱਠਣ ਦੇ ਲਈ ਜੱਦੋ-ਜਹਿਦ ਕਰਦਾ ਹੈ (ਯੂਹੰਨਾ 8:7-11; ਰੋਮੀਆਂ 2:12-16; 1 ਕੁਰਿੰਥੀਆਂ 8:7-13; 1 ਤਿਮੋਥਿਉਸ 1:19; 3:9; 4:2; 1 ਪਤਰਸ 3:16-21)। ਜਦੋਂ ਇੱਕ ਬੱਚਾ ਜਨਮ ਲੈਂਦਾ ਹੈ, ਤਾਂ ਮਾਂ-ਬਾਪ ਨਹੀਂ ਜਾਣਦੇ ਕਿ ਇਹ ਨਵਜੰਮਿਆ ਬੱਚਾ ਇੱਕ ਦਿਨ ਕੀ ਬਣੇਗਾ ਜਾਂ ਕੀ ਕਰੇਗਾ। ਹਰੇਕ ਬੱਚਾ ਇਹੋ ਜਿਹੇ ਸਵਾਲਾਂ ਨਾਲ ਵੱਡਾ ਹੁੰਦਾ ਹੈ ਕਿ "ਮੈਨੂੰ ਆਪਣੇ ਜੀਵਨ ਨਾਲ ਕੀ ਕਰਨਾ ਚਾਹੀਦਾ ਹੈ?" ਜਾਨਵਰ ਸਹਿਜ-ਗਿਆਨ ਤੇ ਕੰਮ ਕਰਦੇ ਹਨ; ਉਨ੍ਹਾਂ ਨੂੰ ਉਨ੍ਹਾਂ ਦੀ ਮੰਜਿਲ ਦਿੱਤੀ ਗਈ ਹੈ ਅਤੇ ਉਹ ਇਸ ਨੂੰ ਸੁਭਾਵਕ ਤੌਰ ਤੇ ਪੂਰਾ ਕਰਦੇ ਹਨ। ਜਦੋਂ ਇੱਕ ਬਿੱਲੀ ਜਨਮ ਲੈਂਦੀ ਹੈ, ਸਾਨੂੰ ਪਤਾ ਹੁੰਦਾ ਹੈ ਕਿ ਇਹ ਕੀ ਬਣੇਗੀ ਅਤੇ ਕੀ ਕਰੇਗੀ: ਇਹ ਇੱਕ ਬਿੱਲੀ ਬਣੇਗੀ ਅਤੇ ਸੁਭਾਵਕ ਤੌਰ ਤੇ ਉਹੀ ਕਰੇਗੀ ਜੋ ਬਿੱਲੀਆਂ ਕਰਦੀਆਂ ਹਨ। ਹੈਮਲੈਟ ਦੀ ਸੋਚ ਸਿਰਫ ਆਦਮੀ ਦੇ ਸੰਦਰਭ ਵਿੱਚ ਹੈ: "ਬਣਨਾ ਜਾਂ ਨਾ ਬਣਨਾ? ਇਹ ਸਵਾਲ ਹੈ।"[28] ਸਿਰਫ ਆਦਮੀ ਕੋਲ ਹੀ ਇਹ ਚੁਣਨ ਦੀ ਯੋਗਤਾ ਹੈ ਕਿ ਉਸ ਦਾ ਜੀਵਨ ਕਿਸ ਦਿਸ਼ਾ ਵੱਲ ਜਾਵੇਗਾ, ਉਹ ਕਿਸ ਕਿਸਮ ਦਾ ਜੀਵਨ ਜੀਉਣਾ ਚਾਹੁੰਦਾ ਹੈ। ਆਦਮੀ ਨੇਕ, ਪ੍ਰੇਮੀ ਅਤੇ ਧਰਮੀ ਬਣਨਾ ਚੁਣ ਸਕਦਾ ਹੈ; ਜਾਂ ਉਹ ਬੇਈਮਾਨ, ਸੁਆਰਥੀ ਅਤੇ ਬੁਰਾ ਬਣਨਾ ਚੁਣ ਸਕਦਾ ਹੈ। ਇਸ ਕਿਸਮ ਦੀਆਂ ਚੋਣਾਂ ਜਾਨਵਰਾਂ ਲਈ ਵਿਕਲਪ ਨਹੀਂ ਹਨ ਕਿਉਂਕਿ ਉਹ ਨੈਤਿਕ ਪ੍ਰਾਣੀ ਨਹੀਂ ਹਨ।

*ਸਿਰਫ ਮਨੁੱਖ ਦੇ ਕੋਲ ਹੀ ਕਲਾਤਮਕ ਸੁਭਾਅ ਹੈ ਜੋ ਉਸ ਦੇ ਕੋਲੋਂ ਕਲਾ, ਚਿੱਤਰਕਲਾ, ਕਾਵਿਆਤਮਕ ਰਚਨਾ ਅਤੇ ਮੂਰਤੀ ਬਣਵਾਉਂਦਾ ਹੈ।* ਮਨੁੱਖ ਹੀ ਸਿਰਫ ਅਜਿਹੇ ਪ੍ਰਾਣੀ ਹਨ ਜੋ ਕਿਸੇ ਅਜਿਹੇ ਚੀਜ਼ ਤੇ ਕਈ-ਕਈ ਹਫ਼ਤੇ ਜਾਂ ਕਈ ਮਹੀਨਿਆਂ ਤੱਕ ਕੰਮ ਕਰਦੇ ਹਨ ਜੋ ਜਿਨ੍ਹਾਂ ਦਾ ਆਪਣੇ ਬਚਾਅ ਲਈ ਕੋਈ ਮੁੱਲ ਨਹੀਂ ਹੁੰਦਾ। ਰਚਨਾਤਮਕਤਾ ਕਲਾਤਮਕ ਵਿਕਾਸਵਾਦੀ ਨਮੂਨੇ ਦੇ ਉਲਟ ਹੈ ਜਿਸ ਦਾ ਮਨੁੱਖ ਨੇ ਲੱਖਾਂ ਸਾਲਾਂ ਤੋਂ ਉਨ੍ਹਾਂ ਨਿਪੁੰਨਤਾਵਾਂ ਵਜੋਂ ਵਿਕਾਸ ਕੀਤਾ ਹੈ ਜੋ ਉਸ ਨੂੰ ਬਚਣ ਵਿੱਚ ਅਤੇ ਉਨ੍ਹਾਂ ਵਿਸ਼ੇਸ਼ਤਾਵਾਂ ਨੂੰ ਛੱਡਣ ਵਿੱਚ ਮਦਦ ਕਰਦੀਆਂ ਜੋ ਉਸ ਦੇ ਬਚਾਅ ਦੇ ਵਿੱਚ ਕੋਈ ਯੋਗਦਾਨ ਨਹੀਂ ਦਿੰਦੀਆਂ। ਇਹ ਸਪੱਸ਼ਟ ਤੌਰ ਤੇ ਮਨੁੱਖ ਦੇ ਨਾਲ ਨਹੀਂ ਹੋਇਆ; ਉਨ੍ਹਾਂ ਨੂੰ ਛੱਡਣ ਦੀ ਬਜਾਇ, ਉਸ ਦੀਆਂ ਕਲਾਤਮਕ ਪ੍ਰਵਿਰਤੀਆਂ ਸਮੇਂ ਦੇ ਨਾਲ ਹੋਰ ਵੀ ਜ਼ਿਆਦਾ ਮਜ਼ਬੂਤ ਹੋ ਗਈਆਂ ਹਨ। ਕੋਈ ਵੀ ਜਾਨਵਰ ਕਲਾਤਮਕ ਗੱਲਾਂ ਦੀ ਪਰਵਾਹ ਨਹੀਂ ਕਰਦਾ ਕਿਉਂਕਿ ਇਹ ਜਾਨਵਰਾਂ ਦੀ ਤੰਦਰੁਸਤੀ ਜਾਂ ਸਲਾਮਤੀ ਵਿੱਚ ਕੋਈ ਯੋਗਦਾਨ ਨਹੀਂ ਦਿੰਦੀਆਂ। ਇੱਕ ਪੰਛੀ ਸੂਤ ਦੇ ਕਾਫੀ ਧਾਗਿਆਂ ਨੂੰ ਉਠਾਉਂਦਾ ਹੈ ਕਿਉਂਕਿ ਉਹ ਇੱਕ ਆਲ੍ਹਣਾ ਬਣਾਉਣ ਦੇ ਲਈ ਉਪਯੋਗੀ ਹਨ। ਊਦ ਸੁਭਾਵਕ ਤੌਰ ਤੇ ਇੱਕ ਮਜ਼ਬੂਤ ਅਤੇ ਕਾਰਜਸ਼ੀਲ ਡੈਮ ਬਣਾਉਂਦਾ ਹੈ। ਪਰਮੇਸ਼ੁਰ, ਜਿਸ ਨੇ ਇਸ ਦੇ ਸਡੌਲ ਅਤੇ ਖਾਕੇ ਦੇ ਨਾਲ ਸੁੰਦਰ ਸੰਸਾਰ ਨੂੰ ਰਚਿਆ ਹੈ ਉਸੇ ਨੇ ਆਦਮੀ ਨੂੰ ਵੀ ਰਚਿਆ ਅਤੇ ਉਸ ਦੇ ਅੰਦਰ ਖੁਦ ਦੇ ਆਲੇ-ਦੁਆਲੇ ਸੁੰਦਰਤਾ ਅਤੇ ਸਡੌਲਤਾ ਦੀ ਇੱਛਾ ਵੀ ਪਾਈ ਜਿਸ ਦੇ ਵਿੱਚ ਰੰਗਾਂ, ਰੂਪਾਂ, ਆਕਾਰਾਂ ਅਤੇ ਪ੍ਰਬੰਧ ਦਾ ਸਹੀ ਸੰਤੁਲਨ ਹੈ। ਇਸ ਅਸੀਸ ਵਿੱਚ ਇਹ ਖ਼ਤਰਾ ਵੀ ਹੈ ਕਿ ਆਦਮੀ ਆਪਣੀ ਸੰਤੁਸ਼ਟੀ ਨੂੰ ਪਰਮੇਸ਼ੁਰ ਦੀ ਬਜਾਇ ਸੁੰਦਰਤਾ ਵਿੱਚ ਭਾਲੇਗਾ। ਨਿਸ਼ਚਤ ਤੌਰ ਤੇ, ਉਹ ਵਿਅਕਤੀ ਜਿਹੜਾ ਉਸ ਜਾਲ ਵਿੱਚ ਫਸੇਗਾ, ਖੁਸ਼ੀ ਅਤੇ ਸੰਤੁਸ਼ਟੀ ਨੂੰ ਲੱਭਣ ਦੀ ਬਜਾਇ, ਨਿਰਾਸ਼ਾ ਅਤੇ ਨਿਰਰਥਕਤਾ (ਵਿਅਰਥਤਾ) ਦਾ ਅਨੁਭਵ ਕਰੇਗਾ, ਜਿਵੇਂ ਕਾਫੀ ਸਮੇਂ ਪਹਿਲਾਂ "ਪਰਚਾਰਕ" ਨੇ ਕੀਤਾ ਸੀ (ਉਪਦੇਸ਼ਕ ਦੀ ਪੋਥੀ 1:1, 8; 2:1-11)।

*ਸਿਰਫ ਮਨੁੱਖ ਕੋਲ ਹੀ ਮੌਤ ਜਾਂ ਕਬਰ ਤੋਂ ਪਰੇ ਇੱਕ ਭਵਿੱਖ ਵਾਲੇ ਜੀਵਨ ਦੀ ਇੱਕ ਧਾਰਣਾ ਹੈ।* ਸਿਰਫ ਮਨੁੱਖ ਹੀ ਮੁਰਦਿਆਂ ਨੂੰ ਦਫ਼ਨਾਉਂਦੇ ਹਨ। ਕਿੱਸੇ ਸੰਬੰਧੀ ਰਿਪੋਰਟਾਂ ਦੇ ਇਹ ਦਾਅਵਾ ਕਰਨ ਦੇ ਬਾਵਜੂਦ ਕਿ ਕੁਝ ਜਾਨਵਰ ਜਿਵੇਂ ਕਿ ਚਿੰਪਾਂਜੀ ਅਤੇ ਹਾਥੀ ਮੁਰਦਿਆਂ ਨੂੰ ਦਫ਼ਨਾਉਂਦੇ ਹਨ, ਕਿਸੇ ਵੀ ਵਿਗਿਆਨਕ ਤਸਦੀਕ ਨੇ ਹਾਲੇ ਤੱਕ ਅਜਿਹੇ ਵਿਰਤਾਂਤਾਂ ਨੂੰ ਵਿਸ਼ਵਾਸ ਨਹੀਂ ਦਿੱਤਾ ਹੈ। ਜਦ ਕਿ ਜਾਨਵਰ ਮੌਤ ਦਾ ਸਾਹਮਣਾ ਕਰਦੇ ਹਨ ਅਤੇ ਕੁਝ ਹੱਦ ਤੱਕ ਇਸ ਤੋਂ ਡਰਦੇ ਅਤੇ ਇਸ ਤੇ ਦੁੱਖ ਕਰਦੇ ਪ੍ਰਤੀਤ ਹੁੰਦੇ ਹਨ, ਉਹ ਇਸ ਦੇ ਲਈ ਤਿਆਰੀ ਨਹੀਂ ਕਰਦੇ। ਮਨੁੱਖ ਵਿੱਚ ਕੋਈ ਨਾ ਕੋਈ ਚੀਜ਼ ਮੌਤ ਦੀ ਪਵਿੱਤਰਤਾ ਦਾ ਸੁਝਾਅ ਦਿੰਦੀ ਹੈ। ਉਹ ਇਸ ਨੂੰ ਬਹੁਮੁੱਲੀ ਚੀਜ਼ ਦੇ ਰੂਪ ਵਿੱਚ ਵੇਖਦਾ ਹੈ, ਪਰ ਇੱਕ ਅੰਤ ਦੇ ਰੂਪ ਵਿੱਚ ਨਹੀਂ; ਉਹ ਇਸ ਤੋਂ ਬਚਣਾ ਭਾਲਦਾ ਹੈ (2 ਸਮੂਏਲ 12:19-23; ਜ਼ਬੂਰ 23:4-6)। ਪ੍ਰਾਚੀਨ ਸਮਾਜਾਂ ਵਿੱਚ, ਲੋਕ ਆਪਣੇ ਮੁਰਦਿਆਂ ਨੂੰ ਬਹੁਮੁੱਲੀਆਂ ਚੀਜ਼ਾਂ ਦੇ ਨਾਲ ਦਫ਼ਨਾਉਂਦੇ ਸਨ ਜੋ ਉਨ੍ਹਾਂ ਦਾ ਮੰਨਣਾ ਸੀ ਕਿ ਉਨ੍ਹਾਂ ਦੇ ਲਈ ਅਗਲੇ ਸੰਸਾਰ ਵਿੱਚ ਕੰਮ ਆਉਣਗੀਆਂ। ਇਹ ਇਸ ਤੱਥ ਦੀ ਗਵਾਹੀ ਦਿੰਦਾ ਹੈ ਕਿ ਪਰਮੇਸ਼ੁਰ ਨੇ ਸਦੀਪਕਾਲ ਨੂੰ ਮਨੁੱਖ ਦੇ ਮਨ ਵਿੱਚ ਟਿਕਾ ਦਿੱਤਾ ਹੈ (ਉਪਦੇਸ਼ਕ ਦੀ ਪੋਥੀ 3:11)।

ਪਰਮੇਸ਼ੁਰ ਨੇ ਮਨੁੱਖ ਨੂੰ ਵਿਸ਼ੇਸ਼ ਬਣਾਇਆ ਹੈ। ਇਸ ਵਿਸ਼ੇਸ਼ਤਾ ਦੀ ਅਸੀਸ ਰਚਨਹਾਰ ਦੀ ਸੇਵਾ ਅਤੇ ਉਸਤਤ ਕਰਨ ਦੀ ਖ਼ਾਸ ਜ਼ਿੰਮੇਵਾਰੀ ਦੇ ਨਾਲ ਜੁੜੀ ਹੋਈ ਹੈ।

---

ਟਿੱਪਣੀਆਂ

[1]ਬਹੁਤ ਥੋੜੇ ਅਨੁਵਾਦ ਆਇਤ 1 ਨੂੰ ਨਿਰਭਰ ਵਾਕ ਵਜੋਂ ਇਸਤੇਮਾਲ ਕਰਦੇ ਹਨ (NAB; NEB; NJPSV; NRSV; TEV)। ਵਧੇਰੇ ਜਾਣਕਾਰੀ ਲਈ, ਵਿਕਟਰ ਪੀ. ਹੈਮਿਲਟਨ ਦੀ ਪੁਸਤਕ *ਦ ਬੁਕ ਆਫ਼ ਜੈਨੇਸਿਸ: ਅਧਿਆਇ 1-17*, ਦ ਨਿਊ ਇੰਟਰਨੈਸ਼ਨਲ ਕਮੈਂਟਰੀ ਆਨ ਦ ਓਲਡ ਟੈਸਟਾਮੈਂਟ (ਗ੍ਰੈਂਡ ਰੈਪਿਡਸ, ਮਿਸ਼ੀਗਨ: ਵਿਲੀਅਮ ਬਾਰਕਲੇਅ ਈਰਡਮੈਂਸ ਪਬਲਿਸ਼ਿੰਗ ਕੰਪਨੀ, 1990) ਦਾ ਸਫ਼ੇ 103-8 ਵੇਖੋ। [2]ਟੈਰੇਂਸ ਈ. ਫਰੈਟਹੇਮ ਦੀ ਪੁਸਤਕ "ਦ ਬੁਕ ਆਫ਼ ਜੈਨੇਸਿਸ," ਇਨ *ਦ ਨਿਊ ਇੰਟਰਪਰੇਟਰਸ ਬਾਈਬਲ*, ਜਿਲਦ 1, ਸੋਧ ਲੀਐਂਡਰ ਈ. ਕੈਕ (ਨੈਸ਼ਵਿਲੇ: ਅਬਿੰਗਟਨ ਪ੍ਰੈਸ, 1994) ਵਿੱਚ ਸਫ਼ਾ 342 ਵੇਖੋ। [3]ਡਬਲਿਯੂ. ਐਚ. ਸ਼ਮਿਡਟ ਦੀ ਪੁਸਤਕ *ਥੀਓਲੋਜੀਕਲ ਲੈਕਸੀਕਨ ਆਫ਼ ਦਿ ਓਲਡ ਟੈਸਟਾਮੈਂਟ*, ਅਨੁਵਾਦ, ਮਾਰਕ ਈ. ਬਿਡਲ, ਸੋਧ, ਅਰਨੈਸਟ ਜੈਨੀ ਐਂਡ ਕਲਾਊਸ ਵੈਸਟਰਮੈਨ (ਪੀਬੌਡੀ, ਮਾਸਾਚੁਸੈਟਸ: ਹੈਂਡਰਿਕਸਨ ਪਬਲਿਸ਼ਰਜ਼, 1997) ਵਿੱਚ ਸਫ਼ਾ 1.255 ਤੇ "בָּרָא" ਹੈ। [4]ਦ *ਕਰੀਏਸ਼ਨ ਐਪਿਕ* 4.1-146। [5]ਆਰ. ਲੇਅਰਡ ਹੈਰਿਸ ਦੀ ਪੁਸਤਕ *ਥੀਓਲੀਜੀਕਲ ਵਰਡਬੁਕ ਆਫ਼ ਦ ਓਲਡ ਟੈਸਟਾਮੈਂਟ*, ਸੋਧ. ਆਰ ਲੇਅਰਡ ਹੈਰਿਸ, ਗਲੀਸਨ ਐਲ. ਆਰਚਰ, ਜੂਨੀਅਰ ਅਤੇ ਬਰੂਸ ਕੇ. ਵਾਲਟਕੇ (ਸ਼ਿਕਾਗੋ: ਮੂਡੀ ਪ੍ਰੈਸ, 1980) (ਇਸ ਤੋਂ ਬਾਅਦ *TWOT* ਵਜੋਂ ਹਵਾਲਾ ਦਿੱਤਾ ਗਿਆ ਹੈ) ਵਿੱਚ ਸਫ਼ਾ 2.966 ਤੇ "תְּהוֹם" ਹੈ। [6]ਫਰਾਂਸਿਸ ਬਰਾਊਨ, ਐਸ. ਆਰ. ਡਰਾਈਵਰ ਅਤੇ ਚਾਰਲਸ ਏ. ਬਰਿਗਸ, *ਏ ਹਿਬਰਿਊ ਐਂਡ ਇੰਗਲਿਸ਼ ਲੈਕਸੀਕਨ ਆਫ਼ ਦਿ ਓਲਡ ਟੈਸਟਾਮੈਂਟ* (ਆਕਸਫੋਰਡ: ਕਲੈਰਨਡੋਨ ਪ੍ਰੈਸ, 1962), 956. [7]ਜੇ. ਬਾਰਟਨ ਪੇਅਨ, "רָקִיעַ," *TWOT,* 2.862 ਵਿੱਚ। [8]ਦ *ਕਰੀਏਸ਼ਨ ਐਪਿਕ* 4.137-140. [9]ਐਚ. ਐਲ. ਜਿੰਸਬਰਗ, ਅਨੁਵਾਦ, "ਪੋਇਮਜ਼ ਅਬਾਊਟ ਬਾਲ ਐਂਡ ਅਨਾਥ," ਇਨ *ਏਨਸ਼ੀਐਂਟ ਨੀਅਰ ਈਸਟਰਨ ਟੈਕਸਟਸ ਰੀਲੇਟਿੰਗ ਟੂ ਦ ਓਲਡ ਟੈਸਟਾਮੈਂਟ*, ਤੀਜਾ ਸੰਸਕਰਣ, ਸੋਧ, ਜੇਮਸ ਬੀ. ਪ੍ਰਿਟਚਾਰਡ (ਪਰਿੰਸਟਨ, ਨਿਊ ਜਰਸੀ: ਪਰਿੰਸਟਨ ਯੂਨੀਵਰਸਿਟੀ ਪ੍ਰੈਸ, 1969), 129-42. [10]ਬਥਸ਼ਮਸ਼ ਦਾ ਅਰਥ ਹੈ, "ਸੂਰਜ-ਮੰਦਿਰ" (ਬਰਾਊਨ, ਡਰਾਈਵਰ ਅਤੇ ਬਰਿਗਸ, 112)। ਯਰੀਹੋ ਨਾਮ ਵੀ ਉਸੇ ਮੂਲ ਸ਼ਬਦ ਤੋਂ ਆਉਂਦਾ ਹੈ ਜੋ "ਚੰਦਰਮਾ" ਦੇ ਲਈ ਵਰਤਿਆ ਗਿਆ ਹੈ (ਹੈਮਿਲਟਨ, 127-28, ਨ. 4)।

[11]ਬਰਾਊਨ, ਡਰਾਈਵਰ ਅਤੇ ਬਰਿਗਸ, 1056. [12]ਉਕਤ ਅਨੁਸਾਰ, 1072. [13]ਜੌਨ ਟੀ. ਵਿਲਿਸ, *ਜੈਨੇਸਿਸ*, ਦ ਲਿਵਿੰਗ ਵਰਡ ਕਮੈਂਟਰੀ (ਔਸਟਿਨ, ਟੈਕਸਾਸ: ਸਵੀਟ ਪਬਲਿਸ਼ਿੰਗ ਕੰਪਨੀ, 1979), 87. [14]ਐਚ. ਸੀ. ਲਿਉਪੋਲਡ, *ਇਕਸਪੋਜਿਸ਼ਨ ਆਫ਼ ਜੈਨੇਸਿਸ*, ਸੰਸਕਰਣ 1 (ਪ੍ਰਕਾਸ਼ਕ ਦੀ ਜਾਣਕਾਰੀ ਨਹੀਂ ਹੈ: ਵਾਰਟਬਰਗ ਪ੍ਰੈਸ, 1942; ਰੀਪ੍ਰਿੰਟ, ਗ੍ਰੈਂਡ ਰੈਪਿਡਸ, ਮਿਸ਼ੀਗਨ: ਬੇਕਰ ਬੁਕ ਹਾਊਸ, 1953), 86-87. [15]ਉਦਾਹਰਣ ਦੇ ਲਈ, ਵੇਖੋ ਮੱਤੀ 3:16, 17;

28:19; ਯੂਹੰਨਾ 1:1-3; 10:30-33; 20:28; ਰਸੂਲਾਂ ਦੇ ਕਰਤੱਬ 5:3, 4; ਰੋਮੀਆਂ 8:9-17, 26-29; 2 ਕੁਰਿੰਥੀਆਂ 13:14; ਅਫ਼ਸੀਆਂ 3:16-19; ਫ਼ਿਲਿੱਪੀਆਂ 2:5-11; ਕੁਲੁੱਸੀਆਂ 1:15-17; ਇਬਰਾਨੀਆਂ 1:1-3; ਯਹੂਦਾਹ 20, 21; ਪਰਕਾਸ਼ 5:8-14. [16]ਅੱਯੂਬ 1:6 ਅਤੇ 2:1 ਵਿੱਚ "ਪਰਮੇਸ਼ੁਰ ਦੇ ਪੁੱਤ੍ਰ" ਸੁਰਗਦੂਤ ਹਨ ਜਿਨ੍ਹਾਂ ਨੇ ਯਹੋਵਾਹ ਦੇ ਸਾਹਮਣੇ ਆਪਣੇ ਆਪ ਨੂੰ ਹਾਜ਼ਰ ਕੀਤਾ ਅਤੇ ਸ਼ਤਾਨ ਵੀ ਉਨ੍ਹਾਂ ਦੇ ਵਿੱਚ ਆਇਆ। [17]ਜੌਨ ਈ. ਹਾਰਟਲੀ, "צֶלֶם" *TWOT,* 2:767 ਵਿੱਚ। [18]ਜੌਨ ਐਨ. ਓਸਵਾਲਟ, "כָּבַשׁ," *TWOT,* 1:430 ਵਿੱਚ। [19]ਹੈਮਿਲਟਨ, 139-40. [20]ਵਿਲੀਅਮ ਵਾਈਟ, "רָדָה," *TWOT* 2:833 ਵਿੱਚ।

[21]*ਦ ਕ੍ਰੀਏਸ਼ਨ ਐਪਿਕ* 6:8, 36. [22]*ਦ ਐਪਿਕ ਆਫ਼ ਗਿਲਗਾਮੇਸ਼* 11.161. [23]ਡੈਰਕ ਕਿਡਨਰ, *ਜੈਨਸਿਸ: ਐਨ ਇੰਟਰੋਡਕਸ਼ਨ ਐਂਡ ਕਮੈਂਟਰੀ*, ਦ ਟਿੰਡੇਲ ਓਲਡ ਟੈਸਟਾਮੈਂਟ ਕਮੈਂਟਰੀਜ਼ (ਡਾਊਨਰਸ ਗਰੋਵ, ਇਲੀਨੋਇਸ: ਇੰਟਰ-ਵਰਸਿਟੀ ਪ੍ਰੈਸ, 1967), 52. [24]*ਦ ਕਰੀਏਸ਼ਨ ਐਪਿਕ* 6:29-33. [25]ਐਲ. ਡੀ. ਵਿਰਗਿਲੀਓ, *ਡੀਐਨਏ ਵਰਸਸ ਐਵੋਲਿਊਸ਼ਨ: ਦ ਲਿਟਲ ਕੋਡ ਦੈਟ ਕਨਫਰਮਸ ਦਿ ਐਂਡ ਆਫ਼ ਐਵੋਲਿਊਸ਼ਨ* (ਬਲੂਮਿੰਗਟਨ, ਇੰਡੀਆਨਾ: ਔਥਰ ਹਾਊਸ, 2009), 107. [26]ਲੀ ਸਟਰੋਬੈਲ, *ਦ ਕੇਸ ਫਾਰ ਏ ਕ੍ਰੀਏਟਰ* (ਗ੍ਰੈਂਡ ਰੈਪਿਡਸ, ਮਿਸ਼ੀਗਨ: ਜ਼ੋਨਡੇਰਵਨ, 2004), 226. [27]ਅਗੱਸਟਿਨ *ਕਨਫੈਸ਼ਨਸ* 1.1.1. [28]ਵਿਲੀਅਮ ਸ਼ੈਕਸਪੀਅਰ *ਹੈਮਲੈਟ* 3.1.55.